# ਵਰਿਆਮ

ਮਈ ੧੯੮੩

੨/-



Sri Satguru Jagjit Singh Ji Elibrary NamdhariElibrary@gmail.com

ਮਾਸਿਕ ਵਰਿਆਮ ਮਈ ੧੯੮੩

ਜਿਲਦ ਨੰ: ੮ ਅੰਕ ਨੰ: ੭

ਸੰਪਾਦਕ । ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ । ੨-੦੦ ਰੁਪਿਆ
ਸਾਲਾਨਾ ਚੰਦਾ ਦੇਸ : ੨੦ ਰੁਪਏ
,, ,, ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ)
,, ,, ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ । ੩੦੦ ਰੁਪਏ ਕੇਵਲ ਦੇਸ ਵਿਚ

| ਦਫ਼ਤਰ ਦਾ ਪਤਾ : | Office Address |
|---|---|
| ਮਾਸਕ ਵਰਿਆਮ, | Monthly WARIAM |
| ਲਾਡੋਵਾਲੀ ਰੋਡ | (Punjabi) |
| ਜਲੰਧਰ—੧੪੪੦੦੧, | Ladowali Road |
| ਫੋਨ । ੭੨੫੦੪ ਪੀ, ਪੀ | Jalandhar-144001 |
| | Phone : 72504 PP |


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


GOLDEN HOLIDAYS

To

*Thailand, Malayasia, Singapore, Hongkong, Japan, Europe & U.S.A.*

*TRAVEL WITHOUT WORRY*

*TRAVEL THE KWICK WAY*

*We assist in Passports Visas,*
*Planning your itineraries Reservations,*
*Air Tickets - International*
*& Domestic,*
*Hotels & Car Hire.*

*for all your Travel & Tour requirements*

*Contat :*

Kwick TRAVELS PVT. LTD
TRAVEL AGENTS & TOUR OPERATORS
2108, Desh Bandhu Gupta Road,
Karol Bagh, New Delhi-110005.
Phone : 562588, 569206, 579640, 579648
Cable : KWICKAIR




Sri Satguru Jagjit Singh Ji Elibrary NamdhariElibrary@gmail.com

# ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ

ਸ਼ਹਿਰਾਂ ਚੋਂ ਸ਼ਹਿਰ ਸ੍ਰੀ ਅੰਮ੍ਰਿਤਸਰ। ਜਿਸ ਨੂੰ ਗੁਰੂ ਰਾਮਦਾਸ ਜੀ ਨੇ ਆਪ ਵਸਾਇਆ। ਗੁਰੂ ਅਰਜਨ ਦੇਵ ਜੀ ਨੇ ਇਸ ਦੀ ਮਹਾਨਤਾ ਬਾਰੇ ਲਿਖਿਆ :

"ਕਰਤੇ ਆਪਿ ਵਸਾਇਆ, ਸਰਬ ਸੁਖ ਪਾਇਆ, ਪੁਤ ਭਾਈ ਸਿਖ ਬਿਗਾਸੇ"

ਉਹਨਾਂ ਨੇ ਹਰਿਮੰਦਿਰ ਦੀ ਸਾਜਨਾ ਕੀਤੀ ਤੇ ਵਰ ਦਿਤਾ :

"ਸੰਤਹੁ ਰਾਮ ਦਾਸ ਸਰੋਵਰ ਨੀਕਾ
ਜੋ ਨਾਵੈ ਸੋ ਕੁਲੁ ਤਰਾਵੈ, ਉਧਾਰ ਹੋਆ ਹੈ ਜੀ ਕਾ ॥ ੧ ॥ ਰਹਾਉ ॥
ਜੈ ਜੈਕਾਰ ਜਗੁ ਗਾਵੈ ॥ ਮਨਿ ਚਿੰਦਅੜੇ ਫਲ ਪਾਵੈ ॥
ਸਹੀ ਸਲਾਮਤਿ ਨਾਇ ਆਏ ਆਪਣਾ ਪ੍ਰਭੂ ਧਿਆਏ ॥
ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥
ਮਰੈ ਨ ਆਵੈ ਜਾਈ, ਹਰਿ ਹਰਿ ਨਾਮੁ ਧਿਆਈ......"

ਸਭ ਪਾਪਾਂ ਨੂੰ ਨਾਸ਼ ਕਰਨ ਵਾਲੇ ਅਮ੍ਰਿਤ ਸਰੋਵਰ ਦੀ ਮਹਾਨਤਾ ਵਾਲਾ ਇਹ ਸ਼ਬਦ ਘਰ ਘਰ ਗਾਵਿਆ ਜਾਂਦਾ ਹੈ :

"ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ
ਬਧਹੁ ਪੁਰਖਿ ਬਿਧਾਤੈ, ਤਾਂ ਤੂ ਸੋਹਿਆ
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ
ਹਰਿਹਾਂ ਨਾਨਕ ਕਸਮਲ ਜਾਹਿ, ਨਾਈਐ ਰਾਮਦਾਸ ਸਰ

ਭਗਤੀ ਦੇ ਇਸ ਸੋਮੇ ਦੇ ਦਰ ਸਭ ਮਜ਼ਹਬਾਂ, ਵਰਨਾਂ, ਜਾਤੀਆਂ ਵਾਸਤੇ ਖੁਲ੍ਹੇ ਹਨ ਅਤੇ ਦੁਨੀਆਂ ਦੇ ਹਰ ਕੋਨੇ ਤੋਂ ਯਾਤਰੂਆਂ ਨੇ ਆ ਕੇ ਇਥੋਂ ਸ਼ਾਂਤੀ ਅਤੇ ਪਵਿਤਰਤਾ ਦਾ ਅੰਮ੍ਰਿਤ ਪੀਤਾ ਹੈ। ਜਿਸ ਵੇਲੇ ਵੀ ਇਸ ਅਸਥਾਨ ਦੀ ਪਵਿਤਰਤਾ ਨੂੰ ਵੰਗਾਰ ਉਠੀ ਹੈ ਸਿਖਾਂ ਨੇ ਆਪਣੇ ਸਿਰਾਂ ਦੇ ਚੜ੍ਹਾਵੇ ਚਾੜ੍ਹੇ ਹਨ।

ਬਾਬਾ ਦੀਪ ਸਿੰਘ ਬਗੈਰ ਸਿਰ ਦੇ ਲੜਦੇ ਹੋਏ ਸ਼ਹੀਦ ਹੋਏ।

ਨਾਮਧਾਰੀ ਸਿੰਘ ਇਸੇ ਦੀ ਪਵਿਤਰਤਾ ਲਈ ਫਾਂਸੀਆਂ ਝੂਟ ਗਏ।

ਇਸੇ ਦੀ ਪਵਿਤਰਤਾ ਨੂੰ ਮੁਖ ਰਖਦਿਆਂ ਸਾਰੇ ਅਮ੍ਰਿਤਸਰ ਸ਼ਹਿਰ ਨੂੰ ਕਾਨੂੰਨੀ ਤੌਰ ਤੇ ਪਵਿੱਤਰ ਕਰਾਰ ਦੇਣ ਦੀ ਮੰਗ ਲੈ ਕੇ ਅੰਦੋਲਨ ਚਲੇ।

ਵਰਤਮਾਨ ਅਕਾਲੀ ਅੰਦੋਲਨ ਵਿਚ ਜਦੋਂ ਵੀ ਕਦੇ ਸਰਕਾਰ ਵਲੋਂ ਐਲਾਨ ਹੋਇਆ ਹੈ ਕਿ ਦਰਬਾਰ ਸਾਹਿਬ ਵਿਚ ਦੋਸ਼ੀ ਛਿਪੇ ਹਨ ਤਾਂ ਦਰਬਾਰ ਸਾਹਿਬ ਵਿਚ ਪੁਲਿਸ ਦਾਖਲੇ ਦੀ ਸੰਭਾਵਨਾ ਨੂੰ ਮੁਖ ਰਖਦਿਆਂ ਅਕਾਲੀ ਲੀਡਰਸ਼ਿਪ ਵਲੋਂ ਐਲਾਨ ਹੋਏ ਹਨ ਕਿ ਉਹ ਦਰਬਾਰ ਸਾਹਿਬ ਦੀ ਪਵਿਤਰਤਾ ਕਿਸੇ ਕੀਮਤ ਤੇ ਭੰਗ ਨਹੀਂ ਹੋਣ ਦੇਣਗੇ।

ਪਰ ਕੁਲਾਂ ਤਾਰਨ ਵਾਲੇ ਅਤੇ ਮਨਾ ਨੂੰ ਪਵਿਤਰ ਕਰਨ ਵਾਲੇ ਮਹਾਨ ਤੀਰਥ ਦੇ ਬਰੂਹਾਂ ਤੇ ੨੫ ਅਪ੍ਰੈਲ ਨੂੰ ਜੋ ਸਾਕਾ ਹੋਇਆ ਉਸ ਨਾਲ ਇਕ ਕੁਲ ਦਾ ਦੀਵਾ ਬੁਝਿਆ ਇਕ ਸਿਖ ਸ਼ਰਧਾਲੂ ਗੋਲੀਆਂ ਨਾਲ ਭੁੰਨਿਆ ਗਿਆ ਅਤੇ ਇਕ ਬੁਰੀ ਤਰ੍ਹਾਂ ਜ਼ਖਮੀ।

ਇਕ ਵਾਰ ਫੇਰ ਦਰਬਾਰ ਸਾਹਿਬ ਦੀ ਪਵਿਤਰਤਾ ਭੰਗ ਹੋਈ।

ਗੁਰੂ ਘਰ ਤੋਂ ਮਨਿ ਚਿੰਦਿਅੜਾ ਫਲ, ਜਮਾਤ ਵਿਚੋਂ ਪਾਸ ਹੋਣ ਦੀ ਸ਼ਕਲ ਵਿਚ ਪਾਉਣ ਵਾਲਾ ਮਾਸੂਮ ਬਾਲਕ ਜਦ ਦਰਬਾਰ ਸਾਹਿਬ ਅੰਦਰ ਜਾਣ ਲਈ ਜੋੜੇ ਲਾਹ ਰਿਹਾ ਸੀ ਤਾਂ ਕਾਤਲਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ



Sri Satguru Jagjit Singh Ji Elibrary NamdhariElibrary@gmail.com

ਗਿਆ। ਗੁਰੂ ਨਾਨਕ ਦੇਵ ਜੀ ਨੇ ਪੁਤਰਾਂ ਨੂੰ ਸੰਸਾਰ ਨਾਲ ਗੰਢ ਪਾਉਣ ਵਾਲੇ ਆਖਿਆ। ਦਰਬਾਰ ਸਾਹਿਬ ਅੰਦਰ ਸਥਾਪਤ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕਰਨ ਵਾਲੇ ਛੇਵੇਂ ਗੁਰੂ ਹਰਿਗੋਬਿੰਦ ਜੀ ਨੇ ਪੁਤਰ ਨਿਸ਼ਾਨ ਕਹਿ ਕੇ ਗ੍ਰਹਿਸਤ ਧਰਮ ਦੀ ਮਹਾਨਤਾ ਦਸੀ। ਜਦੋਂ ਗੁਰੂ ਅਮਰਦਾਸ ਜੀ ਨੇ ਇਕ ਮਰੇ ਬੱਚੇ ਦੀ ਮਾਂ ਦੇ ਵਿਰਲਾਪ ਸੁਣੇ ਤਾਂ ਉਹਨਾਂ ਦਾ ਹਿਰਦਾ ਵਿਆਕੁਲ ਹ ਉਠਿਆ। ਉਹਨਾਂ ਵਰ ਦਿਤਾ ਸੀ ਕਿ ਉਹਨਾਂ ਦੇ ਹੁੰਦਿਆਂ ਗੋਇੰਦਵਾਲ ਵਿਚ ਕਿਸੇ ਬਚੇ ਦੀ ਮੌਤ ਮਾਂ ਤੋਂ ਪਹਿਲਾਂ ਨਹੀਂ ਹੋਵੇਗੀ।

ਇਹਨਾਂ ਵਰਾਂ ਦੇ ਦਾਤੇ, ਸੰਸਾਰ ਨਾਲ ਗੰਢ ਪੁਆਉਣ ਵਾਲੇ ਮਹਾਨ ਗੁਰੂਆਂ ਦੇ ਮਹਾਨ ਤੀਰਥ ਦੀ ਯਾਤਰਾ ਤੇ ਆਏ ਇਕ ਪੁਤਰ ਦੀ ਮੌਤ ਹੋਈ ਅਤੇ ਮਾਂ ਕੁਰਲਾਉਂਦੀ ਰਹਿ ਗਈ। ਸੰਸਾਰ ਨਾਲ ਇਕ ਪਰਿਵਾਰ ਦੀ ਗੰਢ ਟੁੱਟੀ ਤੇ ਨਿਸ਼ਾਨ ਮਿਟ ਗਿਆ। ਕਿਹੜਾ ਹਿਰਦਾ ਹੈ ਜੋ ਇਸ ਨਿਰਦਈ ਹੱਤਿਆ ਤੇ ਨਾ ਪਿਘਲਿਆ ਹੋਵੇ। ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਦੀ ਰਾਖੀ ਨਾ ਹੋ ਸਕੀ।

ਗੁਰੂ ਕਿਆਂ ਸਿਖਾਂ ਨੇ ਗੁਰੂ ਕ੍ਰਿਪਾ ਨਾਲ ਮਿਹਨਤ ਸਦਕਾ ਸਮਾਜ ਵਿਚ ਉਚ ਅਸਥਾਨ ਪ੍ਰਾਪਤ ਕੀਤੇ ਹਨ। ਸਿਵਲ ਪੁਲੀਸ ਅਤੇ ਫੌਜ ਵਿਚ ਉਹ ਉਚੇ ਤੋਂ ਉਚੇ ਮੁਰਾਤਬਿਆਂ ਤੇ ਪਹੁੰਚੇ ਹਨ। ਪਰ ਇਹਨਾਂ ਮੁਰਾਤਬਿਆਂ ਨਾਲ ਉਹਨਾਂ ਦਾ ਗੁਰੂ ਘਰ ਵਿਚ ਆ ਕੇ ਮਸਤਕ ਝੁਕਾਉਣ ਦਾ ਹੱਕ ਤਾਂ ਨਹੀਂ ਚਲਿਆ ਜਾਂਦਾ। ਜੇ ਰਣਜੀਤ ਸਿੰਘ ਮਹਾਰਾਜਾ ਦੀ ਪਦਵੀ ਗ੍ਰਹਿਣ ਕਰਕੇ ਵੀ ਦਰਬਾਰ ਸਾਹਿਬ ਸਿਰ ਨਿਵਾਉਣ ਆਉਂਦਾ ਸੀ ਤਾਂ ਅਵਤਾਰ ਸਿੰਘ ਅਟਵਾਲ ਪੰਜਾਬ ਪੁਲੀਸ ਦਾ ਡੀ. ਆਈ. ਜੀ ਹੁੰਦਿਆਂ ਹੋਇਆ ਬਰਦੀ ਅਤੇ ਹਥਿਆਰ ਉਤਾਰ ਕੇ ਬਗੈਰ ਬਾਡੀ ਗਾਰਡਾਂ ਦੇ ਅੰਦਰ ਜਾ ਕੇ ਗੁਰੂ ਘਰ ਪ੍ਰਸ਼ਾਦਿ ਚੜ੍ਹਾਉਂਦਾ ਸੀ। ਪਰ ਉਹ ਵੀ ਗੁਰੂ ਰਾਮਦਾਸ ਜੀ ਦੇ ਘਰ ਦਾ ਪ੍ਰਸਾਦਿ (ਕ੍ਰਿਪਾ) ਦੋਹਾਂ ਹੱਥਾਂ ਵਿਚ ਸੰਭਾਲੀ, ਗੁਰੂ ਅਰਜਨ ਦੇਵ ਜੀ ਦੀ ਸਰਬ ਸੁਖਾਂ ਦੀ ਦੇਣ ਨਾਲ ਸਰਸ਼ਾਰ 'ਸਹੀ ਸਲਾਮਤਿ ਨਾਇ ਆਏ' ਚਿਤਵਦਾ ਹੋਇਆ ਅਣਜਾਣੇ ਕਾਤਲਾਂ ਦੀਆਂ ਗੋਲੀਆਂ ਨਾਲ ਛਾਨਣੀ ਹੋ ਗਿਆ। ਅਤੇ ਇਕ ਹੋਰ ਗੁਰੂ ਕਾ ਸਿੰਘ ਬੁਰੀ ਤਰਾਂ ਜ਼ਖਮੀ ਹੋ ਗਿਆ।

ਕੀ ਦਰਬਾਰ ਸਾਹਿਬ ਦੀ ਪਵਿਤਰਤਾ ਕਾਇਮ ਰਹੀ?

ਅਤਿ ਨਿੰਦਨੀਯ ਘਟਨਾ ਤਾਂ ਹੈ ਹੀ ਸੀ ਸਿਖਾਂ ਵਾਸਤੇ ਤਾਂ ਸ਼ਰਮਨਾਕ ਵੀ ਸੀ। ਤਾਹੀਓਂ ਤਾਂ ਪਹਿਲੀ ਵਾਰ ਕਿਸੇ ਪੁਲੀਸ ਕਰਮਚਾਰੀ ਦੀ ਮੌਤ ਉਤੇ ਸੰਤ ਲੌਂਗੋਵਾਲ ਤੋਂ ਲੈ ਕੇ ਸੰਤ ਭਿੰਡਰਾਂਵਾਲਿਆਂ ਤੱਕ ਨੇ ਇਸ ਤੇ ਅਫਸੋਸ ਪਰਗਟ ਕੀਤਾ। ਸਰਕਾਰ ਨੇ ਤਾਂ ਕਰਨਾ ਹੀ ਸੀ।

ਇਸ ਅਤਿ ਭੈੜੀ ਖਬਰ ਬਾਅਦ ਹੋਰ ਵੀ ਮਾੜੀ ਖਬਰ ਦਾ ਅੰਦੇਸ਼ਾ ਪੈਦਾ ਹੋਇਆ। ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਦਾ ਇਕ ਬਿਆਨ ਅਖਬਾਰਾਂ ਵਿਚ ਛਪਿਆ ਅਤੇ ਦੂਸਰੇ ਦਿਨ ਉਸ ਦਾ ਖੰਡਨ ਹੋ ਗਿਆ ਕਿ ਇਕ ਹਫਤੇ 'ਚ ਦੋਸ਼ੀ ਪੁਲਿਸ ਦੇ ਹਵਾਲੇ ਨਾ ਕੀਤੇ ਗਏ ਤਾਂ ਸਖਤ ਕਾਰਵਾਈ ਹੋਵੇਗੀ। ਇਸ ਦਾ ਮਤਲਬ, ਇਹ ਲਿਆ ਗਿਆ ਕਿ ਪੁਲਿਸ ਦਰਬਾਰ ਸਾਹਿਬ ਖੇਤਰ ਵਿਚ ਦਾਖਲ ਹੋਵੇਗੀ। ਇਸ ਖਬਰ ਨਾਲ ਸਾਰਾ ਸਿਖ ਜਗਤ ਚਿੰਤਾਤੁਰ ਹੋਇਆ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਵਾਸਤੇ ਇਕ ਵਾਰ ਫੇਰ ਜਾਨਾਂ ਹੂਲਣ ਦੇ ਐਲਾਨ ਹੋਏ।

ਪੁਲਿਸ ਦਾ ਦਰਬਾਰ ਸਾਹਿਬ ਵਰਗੇ ਉੱਚ ਧਾਰਮਕ ਅਸਥਾਨ ਦੇ ਖੇਤਰ ਵਿਚ ਦਾਖਲਾ ਤਾਂ ਕਿਤੇ ਰਿਹਾ, ਇਹ ਕਿਸੇ ਗੁਰਦੁਆਰੇ, ਆਮ ਮੰਦਿਰ, ਧਾਰਮਿਕ ਸਮਾਜਕ ਅਸਥਾਨ, ਸਕੂਲ ਕਾਲਜ ਵਿਚ ਵੀ ਇਹ ਦਖਲ ਬਹੁਤ ਮਾੜੀ ਗੱਲ ਹੈ। ਪੁਲਿਸ ਤਾਂ ਕਿਸੇ ਦੇ ਘਰ ਆਈ ਵੀ ਮਾੜੀ। ਜੇ ਦਰਬਾਰ ਸਾਹਿਬ ਵਿਚ ਪੁਲੀਸ ਭੇਜਣ ਦੀ ਗਲਤੀ ਹੁੰਦੀ ਹੈ ਤਾਂ ਉਸ ਦੇ ਸਿਟੇ ਵਜੋਂ ਜੋ ਘਲੂਘਾਰਾ ਵਾਪਰ ਸਕਦਾ ਹੈ ਉਸ ਦਾ ਕਿਆਸ ਕਰ ਕੇ ਵੀ ਮਨ ਦ੍ਰਵ ਜਾਂਦਾ ਹੈ।

ਪਰ ਇਸ ਸਾਰੀ ਸਥਿਤੀ ਤੋਂ ਇਕ ਜ਼ਬਰਦਸਤ ਪ੍ਰਸ਼ਨ ਚਿੰਨ ਉਭਰਦਾ ਹੈ।

ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਘਰ ਪੁਲੀਸ ਨਾ ਆਵੇ ਤਾਂ ਘਰ ਘਰ ਹੀ ਹੋਣਾ ਚਾਹੀਦਾ ਹੈ। ਸਾਨੂੰ ਵੀ ਘਰ ਦੀ ਮਰਿਆਦਾ ਕੁਝ ਰਖਣੀ ਪਵੇਗੀ। ਜੇ ਯੂਨੀਵਰਸਟੀਆਂ ਤੋਂ ਪੁਲੀਸ ਨੂੰ ਦੂਰ ਰਖਣਾ ਹੈ ਤਾਂ ਇਹ ਵੇਖਣਾ ਪਵੇਗਾ ਕਿ ਯੂਨੀਵਰਸਟੀਆਂ ਵਿਦਿਆ ਦਾ ਘਰ ਹੋਣ। ਜੇ ਵਿਦਿਆਰਥੀ ਪਿਸਤੌਲਾਂ ਲੈ ਕੇ ਗਰੋਹ ਬਣਾਈ ਫਿਰਨ ਤਾਂ ਇਕ ਦਿਨ ਆਪ ਹੀ ਪੁਲੀਸ ਨੂੰ ਸਦਾ ਦੇਣਾ ਪਵੇਗਾ। ਜੇ ਗੁਰਦੁਆਰਿਆਂ ਤੋਂ ਪੁਲੀਸ ਨੂੰ ਦੂਰ ਰਖਣਾ ਹੈ ਤਾਂ ਮਾਨ ਮਰਿਆਦਾ ਦੀ



Sri Satguru Jagjit Singh Ji Elibrary NamdhariElibrary@gmail.com

ਜ਼ਿਮੇਵਾਰੀ ਵੀ ਲੈਣੀ ਪਵੇਗੀ। ਜੇ ਅਸੀਂ ਚਾਹੁੰਦੇ ਹਾਂ ਕਿ ਸ੍ਰੀ ਦਰਬਾਰ ਸਾਹਿਬ ਵਿਚ ਪੁਲੀਸ ਦਾਖਲ ਹੋ ਕੇ ਪਵਿਤਰਤਾ ਭੰਗ ਨਾ ਕਰੇ ਤਾਂ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਆਪ ਵੀ 'ਅਨੂਪ ਰਾਮਦਾਸਪੁਰ' ਦੀ ਪਵਿਤਰਤਾ ਕਾਇਮ ਰਖੀਏ। ਮਨ ਬਚਨ ਕਰਮ ਦੁਆਰਾ ਪਵਿਤਰਤਾ।

ਜੇ ਪਵਿਤਰਤਾ ਕਾਇਮ ਰਖਣ ਲਈ ਪੁਲੀਸ ਦਾਖਲੇ ਵਿਰੁਧ ਜਾਨਾਂ ਵਾਰੀਆਂ ਜਾ ਸਕਦੀਆਂ ਹਨ ਤਾਂ ਮਥਾ ਟੇਕਣ ਆਏ ਸ਼ਰਧਾਲੂਆਂ ਨੂੰ ਗੋਲੀਆਂ ਮਾਰ ਕੇ ਪਵਿਤਰਤਾ ਭੰਗ ਕਰਨ ਵਾਲਿਆਂ ਵਿਰੁਧ ਵੀ ਛਾਤੀਆਂ ਡਾਹੁਣੀਆਂ ਚਾਹੀਦੀਆਂ ਹਨ। ਸਾਡੇ ਸੱਚ ਦੇ ਦੋ ਮਿਆਰ ਨਹੀਂ ਹੋਣੇ ਚਾਹੀਦੇ।

ਪ੍ਰਸ਼ਨ ਕੇਵਲ ਇਕ ਪੁਲੀਸ ਅਧਿਕਾਰੀ ਦੇ ਕਤਲ ਦਾ ਹੀ ਨਹੀਂ ਸਗੋਂ ਸਵਾਲਾਂ ਦਾ ਸਵਾਲ ਆਪਣੇ ਤੌਰ ਤੇ ਦਰਬਾਰ ਸਾਹਿਬ ਖੇਤਰ ਵਿਚ ਪੂਰਨ ਸਤਿਕਾਰ ਮਰਿਆਦਾ ਅਤੇ ਅਨੁਸ਼ਾਸ਼ਨ ਕਾਇਮ ਰਖਣ ਦਾ ਵੀ ਹੈ। ਜੇ ਦਰਬਾਰ ਸਾਹਿਬ ਮਥਾ ਟੇਕਣ ਆਇਆਂ ਨੂੰ ਦਰਬਾਰ ਸਾਹਿਬ ਦੇ ਪਰਬੰਧਕ ਨਹੀਂ ਬਚਾ ਸਕਦੇ ਤਾਂ ਹੋਰ ਕੌਣ ਬਚਾਵੇਗਾ। ਇਹ ਫਰਜ਼ ਤਾਂ ਸਰਕਾਰ ਤੋਂ ਪਹਿਲਾਂ ਸਿਖਾਂ ਦਾ ਬਣਦਾ ਹੈ ਕਿ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਦਿਨ ਦਿਹਾੜੇ ਸਭ ਲੋਕਾਂ ਸਾਹਮਣੇ ਭੰਗ ਕਰਨ ਦੇ ਦੋਸ਼ੀਆਂ ਨੂੰ ਕਾਬੂ ਕਰਨ। ਉਹ ਭਾਵੇਂ ਕੋਈ ਵੀ ਹੋਣ।

ਸ੍ਰੀ ਦਰਬਾਰ ਸਾਹਿਬ ਅੰਦਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਮੁਖ ਸਥਾਨ ਹੈ ਅਤੇ ਇਸ ਪਵਿੱਤਰ ਸਥਾਨ ਦੇ ਹੈਡ ਗ੍ਰੰਥੀ ਜੀ ਅਹਿਮ ਪਦਵੀ ਰਖਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਵੀ ਹੈ ਜਿਥੋਂ ਦੇ ਜਥੇ: ਸਾਹਿਬ ਨੂੰ ਬਾਕੀ ਤਖਤਾਂ ਤੋਂ ਸਿਰਮੌਰ ਤੇ ਆਮ ਕਰਕੇ ਸਰਵ ਉਚ ਅਥਾਰਟੀ ਕਿਹਾ ਜਾਂਦਾ ਹੈ। ਦਰਬਾਰ ਸਾਹਿਬ ਦੇ ਮੈਨੇਜਰ ਸਾਹਿਬ ਵੀ ਹਨ। ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਸਿਖ ਵੋਟਾਂ ਨਾਲ ਚੁਣੀ ਹੋਈ ਜਮਾਤ ਹੈ ਜਿਸ ਨੂੰ ਸਿਖ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ। ਇਸ ਦੇ ਪ੍ਰਧਾਨ ਸਾਹਿਬ ਹਨ ਜਿਨ੍ਹਾਂ ਨੂੰ ਕਦੇ ਕਦੇ ਸਿਖਾਂ ਦੇ ਪੋਪ ਵੀ ਕਹਿ ਦਿਤਾ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਹਨ ਜੋ ਮੋਰਚੇ ਦੇ ਡਿਕਟੇਟਰ ਹੋਣ ਦੀ ਹੈਸੀਅਤ ਵਿਚ ਸਭ ਦੇ ਸਰਦਾਰ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੀ ਆਪਣੇ ਸੇਵਕਾਂ ਸਮੇਤ ਇਥੇ ਰਹਿੰਦੇ ਹਨ ਅਤੇ ਚੰਗੀ ਮਾਨਤਾ ਰਖਦੇ ਹਨ। ਇਸ ਤੋਂ ਇਲਾਵਾ ਸਰਕਾਰ ਨਾਲ ਗਲ ਕਰਨ ਲਈ ਉਚ ਤਾਕਤੀ ਡੈਲੀਗੇਸ਼ਨ ਦੇ ਮੈਂਬਰ ਹਨ। ਇਹ ਸਭ ਵਿਅਕਤੀ ਆਪਣੇ ਆਪਣੇ ਥਾਂ ਬਹੁਤ ਉਚ ਅਥਾਰਟੀਆਂ ਹਨ ਅਤੇ ਪਦਵੀਆਂ ਦੇ ਲਿਹਾਜ਼ ਨਾਲ ਇਕ ਦੂਜੇ ਤੋਂ ਵਧ ਹੈਸੀਅਤ ਰਖਦੀਆਂ ਹਨ। ਫਿਰ ਕਿਹੜੇ ਇਕ ਵਿਅਕਤੀ ਤੇ ਟੇਕ ਰਖੀ ਜਾਵੇ ਕਿ ਉਸ ਦੀ ਗਲ ਨੂੰ ਮਨ ਬਚਨ ਕਰਮ ਕਰਕੇ ਮੰਨਿਆ ਜਾਵੇਗਾ। ਰੱਬ ਨਾ ਕਰਾਏ ਕਲ੍ਹ ਨੂੰ ਕੋਈ ਅਜਿਹਾ ਮਸਲਾ ਖੜਾ ਹੋ ਜਾਂਦਾ ਹੈ ਜੋ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ। ਕੋਈ ਸ਼ਰਾਰਤੀ, ਦੁਸ਼ਮਨ, ਸਿਰ ਫਿਰਿਆ ਜਾਂ ਕੋਈ ਜੋਸ਼ੀਲਾ ਸ਼ਰਾਰਤ ਕਰ ਛਿੰਦਾ ਹੈ ਜਾਂ ਪਰਸਪਰ ਅਮਨ ਨੂੰ ਖਤਰਾ ਪੈਦਾ ਹੋ ਜਾਂਦਾ ਹੈ ਤਾਂ ਉਸ ਹਾਲਤ ਵਿਚ ਅਮਨ ਕਾਨੂੰਨ ਦੀ ਜ਼ਿਮੇਵਾਰੀ ਕੌਣ ਲਵੇਗਾ ?

ਇਸ ਮਸਲੇ ਦਾ ਇਕ ਹੋਰ ਪਹਿਲੂ ਵੀ ਹੈ। ਧਰਮ ਤੇ ਸਿਆਸਤ ਇਕ ਮੰਨਣ ਵਾਲਿਆਂ ਦੀ ਸਿਆਸਤ ਅਤੇ ਦੂਸਰਿਆਂ ਦੀ ਸਿਆਸਤ ਵਿਚ,(ਜੋ ਸਿਆਸਤ ਵਿਚ ਸਭ ਗੱਲ ਜਾਇਜ਼ ਮੰਨਦੇ ਹਨ)ਵਿਚ ਢੇਰ ਫਰਕ ਹੈ। ਸਿਖ ਸਿਆਸਤ ਅਤੇ ਕਿਰਦਾਰ ਕਿਵੇਂ ਧਰਮ ਅਧੀਨ ਰਹੇ ਹਨ ਉਸ ਦਾ ਸਬੂਤ ਸਿਖ ਇਤਿਹਾਸ ਚੋਂ ਮਿਲਦਾ ਹੈ। ਸਿਖਾਂ ਨੂੰ ਕੁੱਤੇ (ਸਗ) ਲਿਖਣ ਵਾਲੇ ਵੀ ਮੰਨਦੇ ਹਨ ਕਿ ਇਹ ਝੂਠ ਨਹੀਂ ਬੋਲਦੇ ਤੇ ਇਕਲੇ ਸਿਖ ਦੀ ਗਵਾਹੀ ਨੂੰ ਕੁਲ ਦੁਨੀਆਂ ਦੇ ਮੁਕਾਬਲੇ ਸਚਾ ਮੰਨਿਆ ਜਾਂਦਾ ਸੀ। ਪਰ ਅਜ ਇਹ ਸੱਚ ਵੀ ਕਟਹਿਰੇ ਖੜਾ ਹੈ। ਸਿਖ ਲੀਡਰਸ਼ਿਪ ਦੇ ਕਿਰਦਾਰ ਵਿਚ ਧਰਮ ਲਈ ਕੇਵਲ ਸਿਆਸਤ ਅਤੇ ਉਹ ਵੀ ਝੂਠ ਦੀ ਸਿਆਸਤ ਹਾਵੀ ਹੈ। ਦਰਬਾਰ ਸਾਹਿਬ ਦੇ ਅੰਦਰ ਬੈਠੇ ਵਿਅਕ-ਤੀਆਂ 'ਮੁਜਰਮਾਂ' ਦੀ ਹੋਂਦ ਬਾਰੇ ਨੇਤਾ ਮੁਕਰਦੇ ਹਨ। ਪਤਰਪ੍ਰੇਰਕਾਂ ਨੂੰ ਆਪ ਜਾ ਕੇ ਤੱਸਲੀ ਕਰਨ ਲਈ ਪੇਸ਼ਕਸ਼ ਕਰਦੇ ਹਨ ਅਤੇ ਨਾਲੋਂ ਨਾਲ ਵੱਖ ਵੱਖ ਪਤ੍ਰਕਾਰਾਂ ਰਾਹੀਂ ਹੀ ਗੁਰੂ ਨਾਨਕ ਨਿਵਾਸ ਵਿਚ ਹੀ ਲਏ ਉਹਨਾਂ ਵਿਅਕਤੀਆਂ ਦੇ ਇੰਟਰਵੀਊ ਅਤੇ ਤਸਵੀਰਾਂ ਲਗਾਤਾਰ ਅਖਬਾਰਾਂ ਵਿਚ ਪ੍ਰਕਾਸ਼ਤ ਹੁੰਦੇ ਹਨ। ਇਹਨਾਂ ਵਿਅਕਤੀਆਂ ਨੂੰ ਅਪਨਾਉਣ ਦਾ ਸਾਹਸ ਵੀ ਲੀਡਰਸ਼ਿਪ ਵਿਚ ਨਹੀਂ ਅਤੇ ਖੰਡਨ ਦਾ ਵੀ ਖੰਡਨ ਹੋ ਜਾਂਦਾ ਹੈ। ਇਹਨਾਂ ਸਥਿਤੀਆਂ ਵਿਚ ਦਰਬਾਰ ਸਾਹਿਬ ਦੀ ਪਵਿੱਤਰਤਾ ਦਾ ਮਸਲਾ ਇਕ ਵੱਡਾ ਪ੍ਰਸ਼ਨ ਚਿੰਨ੍ਹ ਹੀ ਬਣ ਕੇ ਰਹਿ ਜਾਂਦਾ ਹੈ— —ਜਗਦੀਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com

# ਕਾਫ਼ੀਆਂ ਬੁੱਲ੍ਹੇ ਸ਼ਾਹ

## ਇਕ ਅਲਫ ਪੜ੍ਹੋ ਛੁਟਕਾਰਾ ਏ

ਇਕ ਅਲਫ ਪੜ੍ਹੋ ਛੁਟਕਾਰਾ ਏ।
ਇਕ ਅਲਫੋਂ ਦੋ ਤਿੰਨ ਚਾਰ ਹੋਏ,
ਫਿਰ ਲੱਖ ਕਰੋੜ ਹਜ਼ਾਰ ਹੋਏ,
ਫਿਰ ਉਥੋਂ ਬਾਝ ਸ਼ੁਮਾਰ ਹੋਏ,
ਇਕ ਅਲਫ ਦਾ ਨੁਕਤਾ ਨਿਆਰਾ ਏ,
ਇਕ ਅਲਫ ਪੜ੍ਹੋ ਛੁਟਕਾਰਾ ਏ।

ਕਿਉਂ ਪੜ੍ਹਨਾ ਏਂ ਗੱਡ ਕਿਤਾਬਾਂ ਦੀ,
ਸਿਰ ਚਾਨਾ ਏਂ ਪੰਡ ਅਜ਼ਾਬਾਂ ਦੀ,
ਹੁਣ ਹੋਇਉਂ ਸ਼ਕਲ ਜਲਾਦਾਂ ਦੀ,
ਅਗੇ ਪੈਂਡਾ ਮੁਸ਼ਕਲ ਭਾਰਾ ਏ,
ਇਕ ਅਲਫ ਪੜ੍ਹੋ ਛੁਟਕਾਰਾ ਏ।

ਬਣ ਹਾਫਜ਼ ਹਿਫਜ਼ ਕੁਰਾਨ ਕਰੇਂ,
ਪੜ੍ਹ ਪੜ੍ਹ ਕੇ ਸਾਫ ਜ਼ਬਾਨ ਕਰੇਂ,
ਫਿਰ ਨਿਅਮਤ ਵਿਚ ਧਿਆਨ ਕਰੇਂ,
ਮਨ ਫਿਰਦਾ ਜਿਉਂ ਹਲਕਾਰਾ ਏ,
ਇਕ ਅਲਫ ਪੜ੍ਹੋ ਛੁਟਕਾਰਾ ਏ।

ਬੁਲ੍ਹਾ ਬੀ ਬੂਹੜ ਦਾ ਬੋਇਆ ਸੀ,
ਉਹ ਬਿਰਛ ਵੱਡਾ ਜਾਂ ਹੋਇਆ ਸੀ,
ਜਦ ਬਿਰਛ ਉਹ ਫਾਨੀ ਹੋਇਆ ਸੀ,
ਫਿਰ ਰਹਿ ਗਿਆ ਬੀ ਅਕਾਰਾ ਏ,
ਇਕ ਅਲਫ ਪੜ੍ਹੋ ਛੁਟਕਾਰਾ ਏ।

## ਇਕ ਨੁਕਤੇ ਵਿਚ ਗੱਲ ਮੁਕਦੀ ਏ

ਇਕ ਨੁੱਕਤੇ ਵਿਚ ਗੱਲ ਮੁੱਕਦੀ ਏ,
ਫੜ ਨੁੱਕਤਾ ਛੋੜ ਹਿਸਾਬਾਂ ਨੂੰ,
ਕਰ ਦੂਰ ਕੁਫਰ ਦਿਆਂ ਬਾਬਾਂ ਨੂੰ
ਲਾਹ ਦੋਜ਼ਖ ਗੋਰ ਅਜ਼ਾਬਾਂ ਨੂੰ
ਕਰ ਸਾਫ਼ ਦਿਲੇ ਦਿਆਂ ਖਵਾਬਾਂ ਨੂੰ,
ਗੱਲ ਏਸੇ ਘਰ ਵਿਚ ਢੁੱਕਦੀ ਏ,
ਇਕ ਨੁਕਤੇ ਵਿਚ ਗੱਲ ਮੁੱਕਦੀ ਏ।

ਐਵੇਂ ਮੱਥਾ ਜ਼ਿਮੀਂ ਘਸਾਈਦਾ,
ਲੰਮਾ ਪਾ ਮਹਿਰਾਬ ਦਿਖਾਈ ਦਾ,
ਪੜ੍ਹ ਕਲਮਾ ਲੋਕ ਹਸਾਈ ਦਾ,
ਦਿਲ ਅੰਦਰ ਸਮਝ ਨਾ ਲਿਆਈ ਦਾ,
ਕਦੀ ਬਾਤ ਸੱਚੀ ਵੀ ਲੁੱਕਦੀ ਏ,
ਇਕ ਨੁੱਕਤੇ ਵਿਚ ਗੱਲ ਮੁੱਕਦੀ ਏ।

ਕਈ ਹਾਜੀ ਬਣ ਬਣ ਆਏ ਜੀ,
ਗਲ ਨੀਲੇ ਜਾਮੇ ਪਾਏ ਜੀ,
ਹੱਜ ਵੇਚ ਟਕੇ ਲੈ ਖਾਏ ਜੀ,
ਭਲਾ ਇਹ ਗੱਲ ਕੀਹਨੂੰ ਭਾਏ ਜੀ,
ਕਦੀ ਬਾਤ ਸੱਚੀ ਵੀ ਲੁੱਕਦੀ ਏ,
ਇਕ ਨੁੱਕਤੇ ਵਿਚ ਗੱਲ ਮੁੱਕਦੀ ਏ।

ਇਕ ਜੰਗਲ ਬਹਿਰੀਂ ਜਾਂਦੇ ਨੀ,
ਇਕ ਦਾਣਾ ਰੋਜ਼ ਲੈ ਖਾਂਦੇ ਨੀ,
ਬੇਸਮਝ ਵਜੂਦ ਥਕਾਂਦੇ ਨੀ,
ਘਰ ਹੋਵਣ ਹੋ ਕੇ ਮਾਂਦੇ ਨੀ,
ਐਵੇਂ ਚਿੱਲਿਆਂ ਵਿਚ ਜਿੰਦ ਸੁਕਦੀ ਏ,
ਇਕ ਨੁਕਤੇ ਵਿਚ ਗੱਲ ਮੁਕਦੀ ਏ।

ਫੜ ਮੁਰਸ਼ਦ ਆਬਦ ਖੁਦਾਈ ਹੋ,
ਵਿਚ ਮਸਤੀ ਬੇ ਪਰਵਾਹੀ ਹੋ,
ਬੇਖਾਹਸ਼ ਬੇਨਵਾਈ ਹੋ,
ਵਿਚ ਦਿਲ ਦੇ ਖੂਬ ਸਫ਼ਾਈ ਹੋ,
ਬੁੱਲ੍ਹਾ ਬਾਤ ਸੱਚੀ ਕਦੋਂ ਰੁੱਕਦੀ ਏ,
ਇਕ ਨੁੱਕਤੇ ਵਿਚ ਗੱਲ ਮੁੱਕਦੀ ਏ।



Sri Satguru Jagjit Singh Ji Elibrary NamdhariElibrary@gmail.com

## ਪਾਇਆ ਹੈ ਕਿਛੁ ਪਾਇਆ ਹੈ

ਪਾਇਆ ਹੈ ਕਿਛੁ ਪਾਇਆ ਹੈ
ਮੇਰੇ ਸਤਿਗੁਰ ਅਲਖ ਲਖਾਇਆ ਹੈ।
ਕਹੂੰ ਵੈਰ ਪੜਾ ਕਹੂੰ ਬੇਲੀ ਹੋ
ਕਹੂੰ ਮਜਨੂੰ ਹੋ ਕਹੂੰ ਲੇਲੀ ਹੋ
ਕਹੂੰ ਆਪ ਗੁਰੂ ਕਹੂੰ ਚੇਲੀ ਹੋ
ਆਪ ਆਪ ਕਾ ਪੰਥ ਬਤਾਇਆ ਹੈ।

ਕਹੂੰ ਮਸਜਿਦ ਕਾ ਵਰਤਾਰਾ ਹੈ
ਕਹੂੰ ਬਣਿਆ ਠਾਕੁਰਦੁਆਰਾ ਹੈ
ਕਹੂੰ ਬੈਰਾਗੀ ਜਟਧਾਰਾ ਹੈ
ਕਹੂੰ ਸ਼ੇਖ ਨਬੀ ਬਣ ਆਇਅ ਹੈ।

ਕਹੂੰ ਤੁਰਕ ਹੋ ਕਲਮਾ ਪੜ੍ਹਤੇ ਹੋ
ਕਹੂੰ ਭਗਤ ਹਿੰਦੂ ਜਪ ਕਰਤੇ ਹੋ
ਕਹੂੰ ਘੋਰ ਗੁਫਾ ਮੇ ਪੜਤੇ ਹੋ
ਕਹੂੰ ਘਰ ਘਰ ਲਾਡ ਲਡਾਇਆ ਹੈ।

ਬੁਲ੍ਹਾ ਮੈਂ ਥੀਂ ਬੇਮੁਹਤਾਜ ਹੋਆ
ਮਹਾਰਾਜ ਮਿਲਿਆ ਮੇਰਾ ਕਾਜ ਹੋਆ
ਦਰਸ ਪੀਆ ਕਾ ਮੁਝਹਿ ਇਲਾਜ ਹੋਆ
ਆਪਿ ਆਪ ਮੈਂ ਆਪੁ ਸਮਾਇਆ ਹੈ।

## ਤੇਰਾ ਨਾਮ ਧਿਆਈਕਾ

ਤੇਰਾ ਨਾਮ ਧਿਆਈਦਾ ਸਾਈਂ,
ਤੇਰਾ ਨਾਮ ਧਿਆਈਦਾ।

ਬੁਲ੍ਹੇ ਨਾਲੋਂ ਚੁਲ੍ਹਾ ਚੰਗਾ,
ਜਿਸ ਪਰ ਤਾਮ ਪਕਾਈਦਾ।

ਰਲ ਫ਼ਕੀਰਾਂ ਮਜਲਸ ਕੀਤੀ,
ਭੋਰਾ ਭੋਰਾ ਖਾਈਦਾ।

ਰੰਗੜ ਨਾਲੋਂ ਖਿੰਗਰ ਚੰਗਾ,
ਜਿਸ ਪਰ ਪੈਰ ਘਸਾਈਦਾ।

ਬੁਲ੍ਹਾ ਸ਼ਹੁ ਨੂੰ ਸੋਈ ਪਾਵੇ
ਜਿਹੜਾ ਬਕਰਾ ਬਣੇ ਕਸਾਈਦਾ।

## ਮਾਟੀ ਕੁਦਮ ਕਰੇਂਦੀ ਯਾਰ

ਮਾਟੀ ਕੁਦਮ ਕਰੇਂਦੀ ਯਾਰ।
ਮਾਟੀ ਜੋੜਾ ਮਾਟੀ ਘੋੜਾ, ਮਾਟੀ ਦਾ ਅਸਵਾਰ।
ਮਾਟੀ ਮਾਟੀ ਨੂੰ ਦੋੜਾਏ ਮਾਟੀ ਦਾ ਖੜਕਾਰ।
ਮਾਟੀ ਕੁਦਮ ਕਰੇਂਦੀ ਯਾਰ।
ਮਾਟੀ ਮਾਟੀ ਨੂੰ ਮਾਰਨ ਲਗੀ ਮਾਟੀ ਦੇ ਹਥਿਆਰ।
ਜਿਸ ਮਾਟੀ ਪਰ ਬਹੁਤੀ ਮਾਟੀ ਤਿਸ ਮਾਟੀ ਹੰਕਾਰ।
ਮਾਟੀ ਕੁਦਮ ਕਰੇਂਦੀ ਯਾਰ।
ਮਾਟੀ ਬਾਗ ਬਗੀਚਾ ਮਾਟੀ ਮਾਟੀ ਦੀ ਗੁਲਜ਼ਾਰ।
ਮਾਟੀ ਮਾਟੀ ਨੂੰ ਵੇਖਣ ਆਈ ਮਾਟੀ ਦੀ ਏ ਬਹਾਰ।
ਮਾਟੀ ਕੁਦਮ ਕਰੇਂਦੀ ਯਾਰ।
ਹੱਸ ਖੇਡ ਮੁੜ ਮਾਟੀ ਹੋਈ ਮਾਟੀ ਪਾਉਂ ਪਸਾਰ।
ਬੁਲ੍ਹਾ ਇਹ ਬੁਝਾਰਤ ਬੁੱਝੇਂ ਲਾਹ ਸਿਰੋਂ ਭੋਂਏ ਮਾਰ।
ਮਾਟੀ ਕੁਦਮ ਕਰੇਂਦੀ ਯਾਰ।

## ਦਿਲ ਲੋਚੇ ਤਖਤ ਹਜ਼ਾਰੇ ਨੂੰ

ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ,
ਦਿਲ ਲੋਚੇ ਤਖਤ ਹਜ਼ਾਰੇ ਨੂੰ।
ਲੋਕੀ ਸੱਜਦਾ ਕਾਅਬੇ ਨੂੰ ਕਰਦੇ,
ਸਾਡਾ ਸੱਜਦਾ ਯਾਰ ਪਿਆਰੇ ਨੂੰ।
ਦਿਲ ਲੋਚੇ ਤਖਤ ਹਜ਼ਾਰੇ ਨੂੰ।

ਅਉਗਣ ਵੇਖ ਨਾ ਭੁੱਲ ਮੀਆਂ,
ਰਾਂਝਾ ਯਾਦ ਕਰੀਂ ਇਸ ਕਾਰੇ ਨੂੰ।
ਦਿਲ ਲੋਚੇ ਤਖ਼ਤ ਹਜ਼ਾਰੇ ਨੂੰ।

ਮੈਂ ਮਨਤਾਰੂ ਤਰਨ ਨਾ ਜਾਣਾਂ,
ਸ਼ਰਮ ਪਈ ਤੁੱਧ ਤਾਰੇ ਨੂੰ।
ਦਿਲ ਲੋਚੇ ਤਖਤ ਹਜ਼ਾਰੇ ਨੂੰ।

ਤੇਰਾ ਸਾਨੀ ਕੋਈ ਨਹੀਂ ਮਿਲਿਆ,
ਢੂੰਡ ਲਿਆ ਜਗ ਸਾਰੇ ਨੂੰ।
ਦਿਲ ਲੋਚੇ ਤਖਤ ਹਜ਼ਾਰੇ ਨੂੰ।

ਬੁਲ੍ਹਾ ਸ਼ਹੁ ਦੀ ਪ੍ਰੀਤ ਅਨੋਖੀ,
ਤਾਰੇ ਅਉਗਣਹਾਰੇ ਨੂੰ।
ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ।
ਦਿਲ ਲੋਚੇ ਤਖਤ ਹਜ਼ਾਰੇ ਨੂੰ।



Sri Satguru Jagjit Singh Ji Elibrary NamdhariElibrary@gmail.com

# ਗਾਇਤਰੀ

—ਜਸਵੰਤ ਸਿੰਘ ਵਿਰਦੀ

ਗਾਇਤਰੀ ਇਕ ਪਵਿਤਰ ਮੰਤਰ ਹੈ ਜੋ ਕਿ ਹਿੰਦੂਆਂ ਲਈ ਅਤੇ ਖ਼ਾਸ ਕਰਕੇ ਬ੍ਰਾਹਮਣਾਂ ਲਈ ਬਹੁਤ ਹੀ ਮਹੱਤਵ ਰਖਦਾ ਹੈ। ਹਰੇਕ ਪਵਿਤਰ ਉਤਸਵ ਦੇ ਸਮੇਂ ਗਾਇਤਰੀ ਮੰਤਰ ਦਾ ਜਾਪ ਕੀਤਾ ਜਾਂਦਾ ਹੈ, ਜੋ ਕਿ ਇਸ ਤਰ੍ਹਾਂ ਹੈ :

ਭੂ: ਭਵ: । ਸਵ: । ਤਤਸਵਿਤ੍ : ਵਰੇਣਯਮ :

ਭਰਗੋ ਦੇਵਸਯ ਧੀਮ ਹੀ, ਧਿਯੋ ਯੋ ਨ: ਪ੍ਰਚੋਦਯਾਤ ।

(ਅਸੀਂ ਸਵਿਤਾ ਦੇਵ ਦੇ ਉਪਾਸਨਾ ਯੋਗ ਤੇਜ ਨੂੰ ਨਮਸਕਾਰ ਕਰਦੇ ਹਾਂ। ਉਹ ਸਾਡੀ ਬੁਧੀ ਨੂੰ ਪ੍ਰੇਰਿਤ ਕਰੇ !)

ਗਾਇਤਰੀ ਦਾ ਵਰਣਨ ਸਭ ਤੋਂ ਪਹਿਲਾਂ ਰਿਗਵੇਦ ਵਿਚ ਆਇਆ ਹੈ। ਉਥੇ ਇਹ ਰਿਗਵੇਦ ਦੇ ਸੱਤ ਪ੍ਰਸਿਧ ਛੰਦਾਂ ਵਿਚੋਂ ਇਕ ਹੈ।

ਗਾਇਤਰੀ ਦੇ ਅੱਠ-ਅੱਠ ਅਖਰਾਂ ਦੇ ਤਿੰਨ ਚਰਣ ਹੁੰਦੇ ਹਨ। ਰਿਗਵੇਦ ਵਿਚ ਤ੍ਰਿਸ਼ਟੁਪ ਨੂੰ ਛਡਕੇ ਸਭ ਤੋਂ ਵਧ ਗਿਣਤੀ ਗਾਇਤਰੀ ਛੰਦਾਂ ਦੀ ਹੀ ਹੈ!

ਗਾਇਤਰੀ ਦੇ ਤਿੰਨ ਪਦ ਹੁੰਦੇ ਹਨ—'ਤ੍ਰਿਪਦਾ ਵੈ ਗਾਇਤਰੀ।'

ਜਿਸ ਵੇਲੇ ਛੰਦ ਜਾਂ ਵਾਕ ਦੇ ਰੂਪ ਵਿਚ ਸ੍ਰਿਸ਼ਟੀ ਦੇ ਪ੍ਰਤੀਕ ਦੀ ਕਲਪਨਾ ਕੀਤੀ ਜਾਣ ਲਗੀ, ਉਸ ਵੇਲੇ ਵਿਸ਼ਵ ਨੂੰ ਤ੍ਰਿਪਦਾ ਗਾਇਤਰੀ ਦਾ ਸਰੂਪ ਸਵੀਕਾਰ ਕੀਤਾ ਗਿਆ। ਇਸ ਤਰ੍ਹਾਂ ਹੌਲੀ-ਹੌਲੀ ਗਾਇਤਰੀ ਨੇ ਜੀਵਨ ਵਿਚ ਇਕਸੁਰਤਾ ਪ੍ਰਾਪਤ ਕਰ ਲਈ ਅਤੇ ਸਮੇਂ ਦੇ ਬੀਤਣ ਨਾਲ ਗਾਇਤਰੀ ਦੇ ਰੂਪ ਵਿਚ ਜੀਵਨ ਦੀ ਪ੍ਰਤੀਕਾਤਮਕ ਵਿਆਖਿਆ ਹੋਣ ਲਗ ਪਈ। ਇਨ੍ਹਾਂ ਦਿਨਾਂ ਵਿਚ ਹੀ ਗਾਇਤਰੀ ਛੰਦ ਵਿਚ ਉਸ ਮੰਤਰ ਦੀ ਰਚਨਾ ਹੋਈ ਹੋਵੇਗੀ, ਜਿਸ ਦਾ ਪਹਿਲਾਂ ਜ਼ਿਕਰ ਕੀਤਾ ਗਿਆ ਹੈ।

ਸਾਡੇ ਲੋਕ ਜਿਨ੍ਹਾਂ ਚੀਜ਼ਾਂ ਨਾਲ ਪਿਆਰ ਕਰਦੇ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਆਪਣੇ ਜੀਵਨ ਦਾ ਅੰਗ ਬਣਾ ਲੈਂਦੇ ਨੇ ਕਿ ਫੇਰ ਜੀਵਨ ਵਿਚ ਉਸ ਦੇ ਕਈ ਪ੍ਰਤੀਕਾਤਮਕ ਬਣ ਜਾਂਦੇ ਹਨ। ਗਾਇਤਰੀ ਦੀ ਮਹਿਮਾ ਵੀ ਇਸੇ ਤ ਹੀ ਵਧੀ ਹੈ।

ਕਈ ਗ੍ਰੰਥਾਂ ਵਿਚ ਗਾਇਤਰੀ ਨੂੰ ਸ਼ਕਤੀ ਦੇ ਲਿਖਿਆ ਗਿਆ ਹੈ। ਕਈ ਥਾਵਾਂ ਤੇ ਮੈਂ ਇਹ ਵੀ ਪੜ੍ਹਿ ਹੈ ਕਿ ਗਾਇਤਰੀ ਬ੍ਰਹਮਾਜੀ ਦੀ ਮਾਨਸ-ਪੁਤਰੀ ਹੈ, ਅ ਇਹ ਉਸ ਤੋਂ ਅਲਗ ਨਹੀਂ ਹੈ। ਬ੍ਰਹਮਾ ਜੀ ਅ ਗਾਇਤਰੀ ਨਾਲ ਸੰਬੰਧਤ ਇਕ ਹੋਰ ਕਥਾ ਵੀ ਬੜ ਦਿਲਚਸਪ ਹੈ।

ਕਹਿੰਦੇ ਨੇ ਕਿ ਜਦੋਂ ਬ੍ਰਹਮਾ ਜੀ ਨੇ ਇਕ ਯ ਆਰੰਭ ਕੀਤਾ ਤਾਂ ਉਨ੍ਹਾਂ ਨੇ ਆਪਣੀ ਪਤਨੀ ਸਵਿਤਾ ਬੁਲਾ ਭੇਜਿਆ ਪਰ ਸਵਿਤਾ ਨਾ ਆਈ। ਉਹਨੇ ਜਵਾ ਵਿਚ ਕਹਿ ਭੇਜਿਆ—'ਹਾਲੇ ਮੇਰੀਆਂ ਸਹੇਲੀਆਂ ਨਹ ਆਈਆਂ। ਉਨ੍ਹਾਂ ਤੋਂ ਬਗੈਰ ਮੈਂ ਨਹੀਂ ਆ ਸਕਦੀ !'

ਯੱਗ ਆਰੰਭ ਹੋ ਚੁਕਾ ਸੀ। ਇਸ ਲਈ ਸਵਿਤਾ ਦ ਜਵਾਬ ਸੁਣ ਕੇ ਬ੍ਰਹਮਾ ਜੀ ਬੜੇ ਪਰੇਸ਼ਾਨ ਹੋਏ। ਕਿਉਂਕਿ ਯਗ ਸਮੇਂ ਅਰਧਾਂਗਣੀ ਆਪਣੇ ਪਤੀ ਨਾਲ ਯੱਗ ਵਿਚ ਨ ਬੈਠੇ ਤਾਂ ਯੱਗ ਸੰਪੂਰਣ ਨਹੀਂ ਹੋ ਸਕਦਾ। 'ਸਵਿਤਾ ਕਿਉ ਨਹੀਂ ਆਈ!' ਬ੍ਰਹਮਾ ਜੀ ਹਾਲੇ ਸੋਚ ਹੀ ਰਹੇ ਸਨ ਜਦੋਂ ਕਿ ਇੰਦਰ ਦੇਵਤਾ ਮਾਤ ਲੋਕ ਵਿਚੋਂ ਇਕ ਗਵਾਲਿਨ ਨੂੰ ਲੈ ਆਏ। ਉਸ ਨਾਲ ਬ੍ਰਹਮਾ ਜੀ ਨੇ ਗੰਧਰਵ ਵਿਆਹ ਕੀਤ ਅਤੇ ਯੱਗ ਵਿਚ ਉਸਨੂੰ ਆਪਣੇ ਨਾਲ ਅਰਧਾਂਗਣੀ ਦੇ ਰੂਪ ਵਿਚ ਬਿਠਾ ਲਿਆ। ਉਸ ਦਾ ਨਾਂ ਹੀ ਗਾਇਤਰੀ ਪੈ ਗਿਆ।

ਗਾਇਤਰੀ ਦੇ ਇਕ ਹੱਥ ਵਿਚ ਮਿਰਗ-ਸਿੰਙ ਅਤੇ ਦੂਸਰੇ ਹੱਥ ਵਿਚ ਪਦਮ ਹੈ। ਉਸ ਦੇ ਵਸਤਰ ਲਾਲ ਰੰਗ ਦੇ ਹੁੰਦੇ ਹਨ। ਉਸ ਦੇ ਗਲੇ ਵਿਚ ਮੁਕਤਾਹਾਰ ਅਤੇ ਸਿਰ ਤੇ ਮੁਕਟ ਹੈ। ਕਹਿਣ ਦਾ ਮਤਲਬ ਇਹ ਹੈ ਕਿ ਗਾਇਤਰੀ ਪੂਰੀ ਤਰ੍ਹਾਂ ਬ੍ਰਹਮਾ ਜੀ ਦੇ ਯੋਗ ਹੈ।

ਗਾਇਤਰੀ ਦਾ ਸੰਬੰਧ ਪਹਿਲਾਂ ਬ੍ਰਹਮਾ ਜੀ ਨਾਲ ਜੁੜਿਆ (ਜਿਹਨੇ ਇਕ ਗਵਾਲਿਨ ਨੂੰ ਅਰਧਾਂਗਣੀ ਬਣਾ ਲਿਆ) ਅਤੇ ਫੇਰ ਵੇਦਾਂ ਵਿਚ ਇਸਨੇ ਛੰਦ ਅਤੇ ਮੰਤਰ ਦੇ ਰੂਪ ਵਿਚ ਮਹਿਮਾ ਪ੍ਰਾਪਤ ਕੀਤੀ। ਰਿਗਵੇਦ ਦੇ ਦਸ ਹਜ਼ਾਰ ਮੰਤਰਾਂ ਵਿਚੋਂ ਇਸ ਮੰਤਰ ਦੇ ਅਰਥ ਦੀ ਗੰਭੀਰ ਵਿਅੰਜਨਾ ਸਭ ਤੋਂ ਵਧ ਕੀਤੀ ਹੈ।

ਗਾਇਤਰੀ ਤੱਤ ਕੀ ਹੈ ਅਤੇ ਇਸ ਮੰਤਰ ਦੀ ਦੇਣ



Sri Satguru Jagjit Singh Ji Elibrary NamdhariElibrary@gmail.com

ਮਹਿਮਾ ਕਿਉਂ ਹੈ ?

ਇਸ ਬਾਰੇ ਬੇਸ਼ੁਮਾਰ ਸੋਚਵਾਨਾਂ ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਇਸ ਦੀ ਵਿਆਖਿਆ ਅਤੇ ਮਹਿਮਾ ਵਿਚ ਬਹੁਤ ਕੁਝ ਲਿਖਿਆ ਜਾ ਚੁਕਾ ਹੈ।

ਗਾਇਤਰੀ ਇਕ ਪਾਸੇ ਵਿਰਾਟ ਵਿਸ਼ਵ ਅਤੇ ਦੂਸਰੇ ਪਾਸੇ ਮਨੁਖੀ ਜੀਵਨ, ਇਕ ਵੰਨੇ ਦੇਵ-ਤਵ ਅਤੇ ਦੂਸਰੀ ਵਲ ਭੂਤ-ਤੱਤ, ਇਕ ਪਾਸੇ ਮਨ ਅਤੇ ਦੂਸਰੇ ਪਾਸੇ ਪ੍ਰਾਣ; ਇਕ ਪਾਸੇ ਗਿਆਨ ਅਤੇ ਦੂਸਰੇ ਪਾਸੇ ਕਰਮ—ਦੇ ਆਪਸੀ ਸੰਬੰਧ ਦੀ ਪੂਰੀ ਵਿਆਖਿਆ ਪੇਸ਼ ਕਰ ਦਿੰਦੀ ਹੈ।

ਮੰਤਰ ਦੇ ਰੂਪ ਵਿਚ ਗਾਇਤਰੀ ਦਾ ਦੇਵਤਾ ਸਵਿਤਾ (ਸੂਰਜ) ਹੈ। ਸੂਰਜ ਦੇ ਅਨੇਕ ਰੂਪ ਹਨ। ਸੂਰਜ ਦਾ ਜਿਹੜਾ ਰੂਪ ਦੇਵਤਿਆਂ ਨੂੰ ਪ੍ਰੇਰਣਾ ਦਿੰਦਾ ਹੈ। ਉਹ ਸਵਿਤਾ ਹੈ। ਜਾਗ੍ਰਤ ਅਵਸਥਾ ਵਿਚ ਕਵਿਤਾ ਰੂਪੀ ਮਨ ਹੀ ਮਨੁਖ ਦੀ ਸਭ ਤੋਂ ਵੱਡੀ ਸ਼ਕਤੀ ਹੈ। ਸਵਿਤਾ ਦੇ ਰੂਪ ਵਿਚ ਜੇਕਰ ਸੂਰਜ ਦੇਵਤਾ ਹੈ ਤਾਂ ਮਨੁਖੀ ਮਨ ਵੀ ਦੇਵਤਾ ਹੀ ਹੈ। ਸਮੁੱਚੀ ਗੁਰਬਾਣੀ ਵਿਚ ਮਨੁਖ ਨੂੰ ਹੀ ਅਕਾਲ ਪੁਰਖ ਦਾ ਰੂਪ ਸਵੀਕਾਰ ਕੀਤਾ ਗਿਆ ਹੈ। ਮਨ ਹੀ ਪ੍ਰਾਣ ਦਾ ਪ੍ਰੇਰਕ ਹੈ।

ਸਵਿਤਾ ਮਨ-ਪ੍ਰਾਣ ਦੇ ਰੂਪ ਵਿਚ ਸਭਨਾਂ ਕਾਰਜਾਂ ਦਾ ਕਰਤਾ ਹੈ। ਇਸ ਹਕੀਕਤ ਨੂੰ ਸਭੇ ਲੋਕ ਜਾਣਦੇ ਨੇ। ਬ੍ਰਾਹਮਣ ਗ੍ਰੰਥਾਂ ਵਿਚ ਵੀ ਆਉਂਦਾ ਹੈ, ਜਿਸ ਨੂੰ ਅਸੀਂ ਬੁੱਧੀ-ਤੱਤ ਕਹਿੰਦੇ ਹਾਂ, ਉਹ ਕੇਵਲ ਮਨ ਰਾਹੀਂ ਹੋਣ ਵਾਲੇ ਵਿਚਾਰ ਜਾਂ ਕਲਪਨਾ, ਸਵਿਤਾ ਨਹੀਂ, ਸਗੋਂ ਉਨ੍ਹਾਂ ਵਿਚਾਰਾਂ ਦਾ ਕਰਮ-ਰੂਪ ਵਿਚ ਸਾਕਾਰ ਹੋਣਾ ਹੈ। ਪਰ ਇਸ ਕਰਮ-ਸ਼ਕਤੀ ਲਈ ਮਨ ਦਾ ਤਕੜਾ ਹੋਣਾ ਜ਼ਰੂਰੀ ਹੈ। ਮਨ ਦੀ ਅਥਾਹ ਸ਼ਕਤੀ ਹੈ। ਪਰ ਮਨੁਖ ਜਿਹੜੀ ਸ਼ਕਤੀ ਆਪਣੇ ਲਈ ਇਸਤੇਮਾਲ ਕਰ ਸਕਦਾ ਹੈ, ਉਹੋ ਹੀ ਉਹਦੇ ਲਈ ਸਭ ਕੁਝ ਹੈ। ਇਸੇ ਲਈ ਗਾਇਤਰੀ ਮੰਤਰ ਵਿਚ ਹੋਰ ਕਿਸੇ ਚੀਜ਼ ਦੀ ਇੱਛਾ ਨਹੀਂ ਕੀਤੀ ਗਈ। ਕੇਵਲ ਇਹੋ ਹੀ ਅਭਿਲਾਸ਼ਾ ਹੈ ਕਿ ਰਬ ਵਲੋਂ ਮਨੁਖ ਨੂੰ ਜਿਹੜੀ ਦੈਵੀ ਸ਼ਕਤੀ ਦਿਤੀ ਗਈ ਹੈ, ਉਸ ਨਾਲ ਮਨੁਖ ਸਵਿਤਾ (ਸੂਰਜੀ ਸ਼ਕਤੀ) ਦਾ ਗਿਆਨ ਪ੍ਰਾਪਤ ਕਰੇ ਅਤੇ ਕਰਮਾਂ ਨਾਲ ਉਸਨੂੰ ਆਪਣੇ ਜੀਵਨ ਵਿਚ ਸਾਰਥਕ ਕਰੇ।

ਸੂਰਜ ਇਸ ਵਿਸ਼ਵ ਨੂੰ ਰੌਸ਼ਨੀ ਦਿੰਦਾ ਹੈ ਅਤੇ ਸ਼ਕਤੀ ਵੀ। ਸੂਰਜ ਦਾ ਪ੍ਰਕਾਸ਼ ਇਸ ਪ੍ਰਿਥਵੀ ਤੇ ਸੋਹਜ ਅਤੇ ਸੁੰਦਰਤਾ ਦਾ ਜਨਮ ਦਾਤਾ ਹੈ। ਇਸ ਲਈ ਗਾਇਤਰੀ ਮੰਤਰ ਵਿਚ ਸੂਰਜ ਦੀ ਹੀ ਸਿਫਤ ਹੈ ਸੂਰਜ ਦੀ ਰੌਸ਼ਨੀ ਵਾਂਗ ਰੌਸ਼ਨੀ ਹੋਣ ਦੀ ਹੀ ਤਮੰਨਾ ਹੈ।

ਰਿਗਵੇਦਕਾਲ ਵਿਚ ਵੀ ਸਾਡੇ ਬਜ਼ੁਰਗ ਕੁਦਰਤ ਦੀਆਂ ਉਨ੍ਹਾਂ ਸਭਨਾ ਸ਼ਕਤੀਆਂ ਦਾ ਗਿਆਨ ਰਖਦੇ ਸਨ, ਜਿਨ੍ਹਾਂ ਬਾਰੇ ਵਿਗਿਆਨ ਨੇ ਹੁਣ ਭੇਤ ਖੋਲ੍ਹੇ ਹਨ। ਗਾਇਤਰੀ ਮੰਤਰ ਵਿਚ ਕੁਦਰਤ ਦੇ ਉਨ੍ਹਾਂ ਭੇਤਾਂ ਦੀ ਹੀ ਸਿਫਤ ਹੈ। ਇਸ ਲਈ ਵੀ ਗਾਇਤਰੀ ਦੀ ਏਨੀ ਮਹਿਮਾ ਕੀਤੀ ਗਈ ਹੈ। ਵੇਦਾਂ ਵਿਚ ਤਾਂ ਇਸ ਨੂੰ ਬਹੁਤ ਹੀ ਮਹੱਤਵ ਪ੍ਰਾਪਤ ਹੈ।

ਬ੍ਰਹਮਾ ਜੀ ਦੀ ਪਤਨੀ ਦੇ ਰੂਪ ਵਿਚ, ਅਤੇ ਗਾਇਤਰੀ ਮੰਤਰ ਦੇ ਤੌਰ ਤੇ ਇਸ ਨੇ ਦੇਸ਼ ਦੇ ਹਰੇਕ ਹਿੰਦੂ ਦੇ ਮਨ ਵਿਚ ਆਪਣੇ ਲਈ ਸਜੀਵੀ ਰੂਪ ਵਿਚ ਸਤਿਕਾਰ ਪ੍ਰਾਪਤ ਕੀਤਾ ਹੋਇਆ ਹੈ।

ਇਕ ਦਿਲਚਸਪ ਗੱਲ ਇਹ ਹੋਈ ਕਿ ਇਕ ਵਾਰ ਬ੍ਰਹਿਸਪਤੀ ਨੇ ਪੈਰ ਮਾਰ ਕੇ ਗਾਇਤਰੀ ਦੇਵੀ ਦਾ ਸਿਰ ਪਾੜ ਦਿਤਾ। ਪਰ ਬ੍ਰਹਿਸਪਤੀ ਦੇ ਇਸ ਤਰ੍ਹਾਂ ਕਰਨ ਨਾਲ ਗਾਇਤਰੀ ਦੀ ਮੌਤ ਨਹੀਂ ਹੋਈ, ਸਗੋਂ ਉਹਦੇ ਸਿਰ ਵਿਚੋਂ ਦੇਵਤਿਆਂ ਦਾ ਜਨਮ ਹੋਇਆ। ਜਿਸ ਕਰਕੇ ਗਾਇਤਰੀ ਦੇਵ-ਮਾਤਾ ਵੀ ਅਖਵਾਉਂਦੀ ਹੈ। ਗਾਇਤਰੀ ਬਾਰੇ ਇਸ ਤਰ੍ਹਾਂ ਦੀਆਂ ਹੋਰ ਬੇਸ਼ੁਮਾਰ ਕਥਾਵਾਂ ਪ੍ਰਸਿਧ ਹਨ।

ਗਾਇਤਰੀ ਮੰਤਰ ਵੇਦਾਂ ਦਾ ਸਭ ਤੋਂ ਵਧ ਪ੍ਰਸਿਧ ਮੰਤਰ ਹੈ ਅਤੇ ਗਾਇਤਰੀ ਛੰਦ ਦੇ ਰੂਪ ਵਿਚ ਤਾਂ ਇਸ ਦੀ ਬਹੁਤ ਹੀ ਮਾਣਤਾ ਹੈ। ਹਰੇਕ ਬ੍ਰਾਹਮਣ ਨੂੰ ਇਹ ਹੁਕਮ ਹੈ ਕਿ ਉਹ ਤ੍ਰਿ-ਸੰਧਿਆ ਨੂੰ ਗਾਇਤਰੀ ਮੰਤਰ ਦਾ ਜਾਪ ਜ਼ਰੂਰ ਕਰੇਗਾ।

ਗਾਇਤਰੀ ਦੀ ਇੰਨੀ ਮਹਿਮਾ ਹੋਣ ਕਾਰਣ ਹੀ ਇਸ ਨੂੰ ਵੇਦ ਮਾਤਾ ਕਿਹਾ ਜਾਂਦਾ ਹੈ।

ਇਸ ਮੰਤਰ ਦਾ ਦੇਵਤਾ ਸਵਿਤਾ (ਸੂਰਜ) ਅਤੇ ਰਿਸ਼ੀ ਵਿਸ਼ਵ ਮਿਤਰ ਹੈ। ●



Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOUR**
**WOODEN & STEEL FURNITURE**
**& PADESTALFAN ETC.**

Phones : Office : 2584
,, : 2503
Resi. : 2130

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.





Sri Satguru Jagjit Singh Ji Elibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

RAJPAL

**The Leading Name in Construction Machinery**



CONCRETE MIXER 10/7 CFT



CONCRETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 529033
Factory : 501973
Resi. : 505454

**BALWANT SINGH & SONS**

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064

# ਪੰਜਾਬੀਅਤ :
# ਸਾਂਝੀ ਵਿਰਾਸਤ

**—ਭੀਸ਼ਮ ਸਾਹਨੀ**

ਪੰਜਾਬ ਦੇ ਜੰਮ-ਪਲ ਐਸੇ ਲੇਖਕਾਂ ਦੀ ਸੰਖਿਆ ਕਾਫੀ ਹੈ ਜਿਨ੍ਹਾਂ ਹਿੰਦੀ ਵਿਚ ਲਿਖਿਆ ਹੈ ਜਾਂ ਲਿਖ ਰਹੇ ਹਨ। ਚੂੰਕਿ ਮੈਂ ਖੁਦ ਹਿੰਦੀ ਵਿਚ ਲਿਖਦਾ ਹਾਂ, ਮੈਂ ਸਭ ਤੋਂ ਪਹਿਲਾਂ ਆਪਣੇ ਹੀ ਅਨੁਭਵ ਦੀ ਗੱਲ ਕਰਨਾ ਚਾਹਵਾਂਗਾ, ਅਤੇ ਮੈਂ ਸਮਝਦਾ ਹਾਂ ਕਿ ਸ਼ਾਇਦ ਉਸ ਅਨੁਭਵ ਤੋਂ ਕੁਝ ਕੁਝ ਪੰਜਾਬ ਦੇ ਹਿੰਦੀ ਲੇਖਕਾਂ ਦੀ ਮਾਨਸਿਕਤਾ ਤੇ ਉਸ ਭਾਵਨਾਤਮਕ ਏਕਤਾ ਦਾ ਅੰਦਾਜ਼ਾ ਹੋ ਜਾਵੇ ਜਿਹੜੀ ਉਹਨਾਂ ਦੀ ਦੇਣ ਵਿਚ ਪਾਈ ਜਾਂਦੀ ਹੈ।

ਜਿਸ ਵਾਤਾਵਰਣ ਵਿਚ ਮੇਰੀ ਪੀੜ੍ਹੀ ਦੇ ਪੰਜਾਬੀਆਂ ਦੀ ਪਾਲਣਾ-ਪੋਸਣਾ ਹੋਈ ਉਸ ਦੀਆਂ ਅਨੇਕ ਖਾਸੀਅਤਾਂ ਹਨ, ਉਸ ਜ਼ਮਾਨੇ ਵਿਚ ਪੰਜਾਬ ਵਿਚ ਹਿੰਦੂ, ਮੁਸਲਮਾਨ, ਸਿੱਖ, ਈਸਾਈ ਤੇ ਅਨੇਕ ਹੋਰ ਧਰਮਾਂ ਤੇ ਜਾਤੀਆਂ ਦੇ ਲੋਕ ਵਸਦੇ ਸਨ। ਅਲੱਗ ਅਲੱਗ ਧਰਮਾਂ ਦੇ ਬਾਵਜੂਦ ਇਕ ਸਾਂਝਾ ਪੰਜਾਬੀ ਜੀਵਨ, ਇਕ ਸਾਂਝਾ ਸਭਿਆਚਾਰ, ਸਾਂਝੇ ਰਹਿਣ ਸਹਿਣ ਦੇ ਤੌਰ ਤਰੀਕੇ, ਸਾਂਝੀ ਮਾਤ ਬੋਲੀ ਆਦਿ ਆਦਿ ਜਿਹੜੀ ਸਦੀਆਂ ਦੇ ਸਾਂਝੇ ਜੀਵਨ ਦੀ ਵਿਰਾਸਤ ਸੀ।

ਅਲੱਗ ਅਲੱਗ ਧਰਮ ਹੋਣ ਨਾਲ ਇਸ ਵਿਚ ਬਹੁਤਾ ਫਰਕ ਨਹੀਂ ਸੀ ਪੈਂਦਾ, ਬਲਕਿ ਕਦੇ ਕਦੇ ਇਕੋ ਪਰਿਵਾਰ ਵਿਚ ਅਲੱਗ ਅਲੱਗ ਧਾਰਮਿਕ ਆਸਥਾ ਵਾਲੇ ਲੋਕ ਪਾਏ ਜਾਂਦੇ ਸਨ, ਮੇਰੇ ਮਾਤਾ ਜੀ ਗੁਰਦੁਆਰੇ ਜਾਂਦੇ ਸੀ, ਤੇ ਮੰਦਰ ਵਿਚ ਵੀ ਜਾਂਦੇ ਸੀ। ਮੇਰੇ ਪਿਤਾ ਜੀ ਕੱਟੜ ਆਰੀਆ ਸਮਾਜੀ ਸਨ। ਪਰ ਮਾਤਾ ਜੀ ਨੂੰ ਮੰਦਰ ਗੁਰਦੁਵਆਰੇ ਜਾਣ ਤੋਂ ਕਦੇ ਨਹੀਂ ਸੀ ਰੋਕਦੇ। ਤੇ ਜੇਕਰ ਰੋਕਣ ਦੀ ਕੋਸ਼ਿਸ਼ ਕਰਦੇ ਤਾਂ ਮਾਤਾ ਜੀ ਨੇ ਰੁਕਣਾ ਵੀ ਨਹੀਂ ਸੀ। ਆਪਣੇ ਧਾਰਮਿਕ ਵਿਚਾਰਾਂ ਦੀ ਸੁਤੰਤਰਤਾ ਤੇ ਨਾਲ ਨਾਲ ਇਕ ਦੂਸਰੇ ਦੇ ਵਿਚਾਰਾਂ ਦੇ ਪ੍ਰਤੀ ਸਹਿਣ ਸ਼ੀਲਤਾ ਉਸ ਮਾਹੋਲ ਦੀ ਖਾਸੀਅਤ ਸੀ। ਅਸੀਂ ਮੁਸਲਮਾਨਾਂ ਦੇ ਮੁਹੱਲੇ ਵਿਚ ਰਹਿੰਦੇ ਸਾਂ। ਮੁਸਲਮਾਨ ਮੁੰਡਿਆਂ ਨਾਲ ਹੀ ਅਸੀਂ ਖੇਡ ਕੇ ਵੱਡੇ ਹੋਏ। ਉਹਨਾਂ ਨਾਲ ਖਾਣ-ਪੀਣ ਤਾਂ ਸਾਂਝਾ ਨਹੀਂ ਸੀ ਤੇ ਉਸ ਦੀ ਮਨਾਹੀ ਵੀ ਬਹੁਤ ਕੁਝ ਟੁਟਦੀ ਜਾਂਦੀ ਸੀ, ਪਰ ਹੋਰ ਬਹੁਤ ਕੁਝ ਸਾਂਝਾ ਸੀ। ਉਸ ਮਾਹੌਲ ਵਿਚ ਇਵੇਂ ਜਾਪਦਾ ਸੀ ਜਿਵੇਂ ਅਲੱਗ ਅਲੱਗ ਮਜ਼ਹਬ ਨੂੰ ਆਪਣੀ ਨਿੱਜੀ ਜ਼ਿੰਦਗੀ ਤਕ ਹੀ ਸੀਮਤ ਰਖਿਆ ਹੋਵੇ ਤੇ ਸਾਂਝੇ ਸਮਾਜੀ ਮਿਲਵਰਤਣ ਵਿਚ ਉਸ ਦਾ ਦਖਲ ਨਾ ਹੋਵੇ।

ਭਾਸ਼ਾ ਨੂੰ ਲੈ ਕੇ ਵੀ ਕੋਈ ਵਿਤਕਰੇ ਨਹੀਂ ਸਨ। ਮਾਤਾ ਜੀ ਸੁਖਮਨੀ ਦਾ ਪਾਠ ਕਰਦੇ ਸਨ। ਮਾਤਾ ਜੀ ਨੂੰ ਸੰਧਿਆ-ਹਵਨ ਦੇ ਮੰਤਰ ਵੀ ਕੰਠ ਸਨ। ਪਿਤਾ ਜੀ ਹਿੰਦੀ ਦੇ ਸਮਰਥਕ ਸਨ ਪਰ ਸ਼ੇਖ ਸਾਅਦੀ ਦੇ 'ਗੁਲਸਿਤਾਂ' ਅਤੇ 'ਬੋਸਤਾਂ' ਦੇ ਸ਼ਿਅਰ ਸਾਨੂੰ ਬੜੇ ਚਾਅ ਨਾਲ ਸੁਣਾਂਦੇ ਸਨ ਤੇ ਕਹਿੰਦੇ ਸਨ,"ਕਦੇ ਮੌਕਾ ਮਿਲੇ ਜੇ ਤਾਂ ਫਾਰਸੀ ਜ਼ਰੂਰ ਪੜ੍ਹਨਾ ਬੜੀ ਖੂਬਸੂਰਤ ਜ਼ਬਾਨ ਹੈ। 'ਹਿੰਦੀ ਸੰਸਕਿਰਤ ਦੇ ਸਮਰਥਕ ਫਾਰਸੀ ਪੜ੍ਹੇ ਹੋਏ ਸਨ ਤੇ ਇਹਨਾਂ ਜ਼ਬਾਨਾਂ ਦੀ ਬੜੀ ਕਦਰ ਕਰਦੇ ਸਨ। ਬਹੁਤ ਸਾਲਾਂ ਮਗਰੋਂ ਜਦ ਭਾਸ਼ਾ ਸੰਬੰਧੀ ਵਿਤਕਰੇ ਵਧਣ ਲਗ ਪਏ ਤੇ ਪਿਤਾ ਜੀ ਵੀ ਹਿੰਦੀ ਤੇ ਜ਼ਿਆਦਾ ਜ਼ੋਰ ਦੇਣ ਲਗ ਪਏ ਤਾਂ ਇਕ ਵਾਰੀ ਮੈਂ ਪਿਤਾ ਜੀ ਨੂੰ ਕਿਹਾ, 'ਚੰਗਾ ਪਿਤਾ ਜੀ, ਤੁਹਾਡੀ ਹੀ ਗਲ ਰਹੀ। ਤੁਸੀਂ ਹਿੰਦੀ ਦੇ ਬੜੇ ਸਮਰਥਕ ਹੋ। ਹੁਣ ਤੋਂ ਅਸੀਂ ਆਪਸ ਵਿਚ ਹਿੰਦੀ ਵਿਚ ਹੀ ਵਾਰਤਾਲਾਪ ਕੀਤਾ ਕਰਾਂਗੇ" । ਪਿਤਾ ਜੀ ਉਸ ਵੇਲੇ ਤਾਂ ਮੰਨ ਗਏ ਪਰ ਜਦ ਮੈਂ ਦੋ ਤਿੰਨ ਫਿਕਰੇ ਠੇਠ ਹਿੰਦੀ ਵਿਚ ਬੋਲੇ ਅਤੇ ਉਹਨਾਂ ਨੂੰ ਹਿੰਦੀ ਵਿਚ ਜਵਾਬ ਦੇਣਾ ਪਿਆ ਤਾਂ ਉਹ ਮੈਨੂੰ ਝਿੜਕ ਕੇ ਕਹਿਣ ਲਗੇ, "ਤੈਨੂੰ ਸ਼ਰਮ ਨਹੀਂ ਆਉਂਦੀ, ਤੂੰ ਆਪਣੇ ਬਾਪ ਨਾਲ ਮਜ਼ਾਕ ਕਰਦਾ ਏਂ" । ਤੇ ਸਾਡਾ ਵਾਰਤਾਲਾਪ ਫਿਰ ਪੰਜਾਬੀ ਵਿਚ ਹੋਣ ਲਗ ਪਿਆ। ਇਹੋ ਸੁਭਾਵਕ ਸੀ, ਇਸੇ ਵਿਚ ਹੀ ਰਸ ਵੀ ਸੀ, ਇਹੋ ਹੀ ਸੋਭਦਾ ਵੀ ਸੀ। ਮਾਤਾ ਜੀ ਦੇ ਮੂੰਹ ਵਿਚੋਂ ਐਸੇ ਅਖਾਣ ਤੇ ਮੁਹਾਵਰੇ ਤੇ ਸਾਖੀਆਂ ਸੁਣਨ ਨੂੰ ਮਿਲਦੀਆਂ ਸਨ ਕਿ ਹੁਣ ਉਹਨਾਂ ਨੂੰ ਯਾਦ ਕਰਕੇ ਜਾਪਦਾ ਹੈ ਜਿਵੇਂ ਨਿਰੋਲ ਸਾਹਿਤਕ ਭਾਸ਼ਾ ਬੋਲ ਰਹੇ ਹੋਣ, ਤਾਂ ਜਦ ਘਰ ਵਿਚ ਅਸੀਂ ਕਾਲਜਾਂ ਦੇ ਮੁੰਡੇ, ਅੰਗਰੇਜ਼ੀ ਬੋਲਣ ਲਗ ਪਏ ਤਾਂ ਮਾਤਾ ਜੀ ਨੂੰ ਚੰਗਾ ਨਹੀਂ ਸੀ ਲਗਦਾ ਤੇ ਪਿਤਾ



Sri Satguru Jagjit Singh Ji Elibrary NamdhariElibrary@gmail.com

ਜੋ ਵੀ ਸਾਨੂੰ ਘਰ ਵਿਚ ਅੰਗਰੇਜ਼ੀ ਬੋਲਣ ਤੋਂ ਸਦਾ ਮਨ੍ਹਾ ਕਰਦੇ ਸਨ।

ਅਲੱਗ ਅਲੱਗ ਧਰਮਾਂ ਤੇ ਜਾਤੀਆਂ ਦੇ ਬਾਵਜੂਦ ਪੰਜਾਬੀਆਂ ਨੂੰ ਮਿਲਾਣ ਵਾਲੀ ਸਭ ਤੋਂ ਵੱਡੀ ਵਿਰਾਸਤ ਉਹਨਾਂ ਦੀ ਸਾਂਝੀ ਮਾਤ ਭਾਸ਼ਾ ਹੀ ਸੀ ਤੇ ਇਕੋ ਸੀ। ਭਾਵੇਂ ਉਹ ਪੋਠੋਹਾਰ ਦੇ ਇਲਾਕੇ ਵਿਚ ਬੋਲੀ ਜਾਣ ਵਾਲੀ ਪੰਜਾਬੀ ਹੋਵੇ, ਤੇ ਭਾਵੇਂ ਮਾਝੇ-ਮਾਲਵੇ ਦੀ ਪੰਜਾਬੀ ਜਾਂ ਦੁਆਬੇ ਦੀ ਪੰਜਾਬੀ। ਅਲੱਗ ਅਲੱਗ ਪਾਸੇ ਦਾ ਇਸ ਦਾ ਆਪਣਾ ਰੰਗ ਸੀ ਤੇ ਇਸ ਨਾਲ ਅਲੱਗ ਅਲੱਗ ਧਰਮਾਂ ਨੂੰ ਮਨਣ ਵਾਲੇ ਪੰਜਾਬੀ ਵੀ ਇਕ ਦੂਜੇ ਦੇ ਨੇੜੇ ਆਂਵਦੇ ਸਨ। ਮੇਰੇ ਪਾਸੇ ਦਾ ਮੁਸਲਮਾਨ ਕਹੇਗਾ :

"ਓ ਖੰਜੀਰ ਦੇ ਤੁਖਮ, ਇਧਰ ਆ।"

ਜਾਂ

"ਅਲਾਹ ਓ-ਨਬੀ ਨੇ ਚਾਹਿਆ ਤਾਂ ਕੰਮ ਸਿਰੇ ਚੜ੍ਹ ਜਾਏਗਾ।"

ਦੁਆਬੇ ਵਾਲੇ ਪਾਸੇ ਸ਼ਾਇਦ ਇਹੋ ਜਿਹੇ ਵਾਕ ਨਹੀਂ ਸਨ ਬੋਲੇ ਜਾਂਦੇ ਪਰ ਸਾਂਝੀ ਬੋਲੀ ਦੀ ਇਹ ਖੂਬੀ ਸੀ ਕਿ ਉਹ ਅਲੱਗ ਅਲੱਗ ਧਾਰਮਿਕ ਪਿਛੋਕੜ ਦੇ ਲਫਜ਼ ਆਪਣੇ ਵਿਚ ਸਮੋ ਲੈਂਦੀ ਸੀ।

ਇਸ ਤੋਂ ਇਲਾਵਾ ਜਿਸ ਮਾਹੌਲ ਵਿਚ ਮੇਰੀ ਪੀੜ੍ਹੀ ਦੀ ਪਾਲਣਾ ਪੋਸਣਾ ਹੋਈ ਉਸ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਮਜ਼ਬੀ ਗੀਤ ਵੀ ਅਕਸਰ ਪੰਜਾਬੀ ਵਿਚ ਹੁੰਦੇ ਸਨ, ਧਾਰਮਿਕ ਪ੍ਰਚਾਰ ਦਾ ਕੰਮ ਵੀ ਬਹੁਤ ਕੁਝ ਪੰਜਾਬੀ ਵਿਚ ਹੁੰਦਾ ਸੀ।

ਰਮਜ਼ਾਨ ਦੇ ਦਿਨਾਂ ਵਿਚ ਇਕ ਫਕੀਰ ਸਵੇਰੇ ਤੜਕੇ ਵੇਲੇ ਸਾਡੀ ਗਲੀ ਵਿਚ ਗਾਂਦਾ ਜਾਂਦਾ ਸੀ :

"ਮੌਲਾ ਦੇ ਪਿਆਰੇ,
ਨਗਰੀ ਮੇਂ ਬੋਲੋ
ਬੇਪਰਵਾਹੀਆਂ ਤੇਰੀਆਂ
ਤੇ ਤੂੰ ਡਾਢਾ ਬੇਪਰਵਾਹ
ਵਗਦੀਆਂ ਨਦੀਆਂ ਥਲ ਕਰੇਂ
ਤੂੰ ਥਲੋਂ ਕਰੇਂ ਦਰਿਆ
ਕੋਈ ਦਮ ਦਾ ਮੇਲਾ
ਨਗਰੀ ਮੇਂ ਬੋਲੋ।
"ਮੌਲਾ ਦੇ ਪਿਆਰੇ
ਨਗਰੀ ਮੇਂ ਬੋਲੋ।"

ਜਾਂ ਫਿਰ ਇਕ ਹੋਰ ਫਕੀਰ ਗਾਂਵਦਾ ਸੀ।

"ਤੈਨੂੰ ਗਾਫਲਾ ਜਾਗ ਨਾ ਆਈ ਚਿੜੀਆਂ ਬੋਲ ਰਹੀਆਂ।
ਚਾਦਰ ਤਾਣ ਸੁਤੇ ਵਿਚ ਵਿਹੜੇ
ਦੀਨ ਦੁਨੀ ਦੇ ਛਡ ਦੇ ਬਖੇੜੇ
ਤੇਰੀ ਮੰਜਿਲ ਦੂਰ ਹੈ ਭਾਈ
ਚਿੜੀਆਂ ਬੋਲ ਰਹੀਆਂ।"

ਮੈਂ ਆਰੀਆ ਸਮਾਜ ਦੇ ਵੀ ਅਨੇਕ ਭਜਨ ਪੰਜਾਬੀ ਵਿਚ ਸੁਣੇ ਹਨ।

"ਬ੍ਰਿਜ ਨੰਦ ਦਿਆਂ ਚੇਲਿਆਂ ਏਹ ਜ਼ਿੰਦਗੀ ਤੈਂ ਤੋਂ ਵਾਰੀ ਏ
ਤੁਧ ਡੁਬਦੀ ਭਾਰਤ ਤਾਰੀ ਏ"

ਜਾਂ

"ਧੰਨ ਦੀਨ ਦਿਆਲ ਤੂੰ
ਪ੍ਰਭੂ ਧੰਨ ਤੂੰ ਪਰਮੇਸ਼ਵਰਾ..."

ਇਸੇ ਤਰ੍ਹਾਂ ਵਿਰਾਗ ਦੇ ਅਨੇਕ ਗੀਤ ਪੰਜਾਬੀ ਵਿਚ ਹੁੰਦੇ ਸਨ :

"ਵਿਸਾਖ ਵਿਸਾਰਿਓ ਈ
ਨਾਮ ਸਾਈਂ ਦਾ
ਆਕੜ ਆਕੜ ਚਲਨੈਂ ਤੂੰ।
ਪਹਿਨ ਪੁਸ਼ਾਕਾਂ ਖਾਏ ਖੁਰਾਕਾਂ
ਜਮ ਦਾ ਬਕਰਾ ਪਲਨੈਂ ਤੂੰ



Sri Satguru Jagjit Singh Ji Elibrary NamdhariElibrary@gmail.com

ਇਹ ਦੁਨੀਆਂ

ਭ ਡੇ ਦੀ ਨਿਆਈ

ਜਿਸ ਘੜਿਆ ਜੋ ਭਜਦਾ ਈ

ਮੋਤੀ ਰਾਮ ਕਦੀ ਸਮਝ ਪਿਆਰੇ

ਅੰਤ ਖਾਕ ਵਿਚ ਰਲਣਾ ਈ'

ਇਹ ਵਿਰਾਗ ਤੇ ਭਗਤੀ ਦੇ ਗੀਤ ਪੰਜਬੀ ਭਾਸ਼ਾ ਵਿਚ ਹਰ ਜਾਤੀ ਦੇ ਫਕੀਰ ਤੇ ਸਾਧੂ ਸੰਤ ਗਾਂਦੇ ਫਿਰਦੇ ਸਨ। ਇਸ ਭਾਵਨਾ ਦੇ ਗੀਤ ਮੁਸਲਮਾਨ ਫਕੀਰਾਂ, ਦਰਵੇਸ਼ਾਂ ਦੇ ਮੂੰਹ ਵਿਚੋਂ ਵੀ ਸੁਣੇ ਹਨ ਤੇ ਹਿੰਦੂ-ਸਿੱਖ ਗਾਇਕਾਂ, ਸਾਧੂਆਂ ਦੇ ਮੂੰਹ ਵਿਚੋਂ ਵੀ।

ਸਾਡੇ ਮਾਤਾ ਜੀ ਇਕ ਬਾਰਾਂਮਾਹੀ ਰਮਇਣ ਸੁਣਾਇਆ ਕਰਦੇ ਸਨ ਤੇ ਸੁਣਾਂਦੇ ਰੋ ਪੈਂਦੇ ਸਨ, ਭਾਵਕ ਹੋ ਜਾਂਦੇ ਸਨ, ਕਿਉਂਕਿ ਪੰਜਾਬੀ ਦੇ ਕੁਲ ਬਾਰਾਂ ਸਫਿਆਂ ਵਿਚ ਰਮਾਇਣ ਦੀ ਸਾਰੀ ਕਹਾਣੀ ਆ ਜਾਂਦੀ ਸੀ ਤੇ ਕੁਝ ਸਫੇ ਬੜੇ ਦਰਦਨਾਕ ਸਨ।

ਇਸ ਤਰ੍ਹਾਂ ਇਕ ਦੂਜੇ ਦੀਆਂ ਧਾਰਮਿਕ ਧਾਰਨਾਵਾਂ ਦਾ ਪ੍ਰਭਾਵ ਵੀ ਭਾਸ਼ਾ ਰਾਹੀਂ ਇਕ ਦੂਜੇ ਉਪਰ ਪੈਂਦਾ ਰਹਿੰਦਾ ਸੀ ਤੇ ਦੂਜੇ ਪਾਸੇ ਅਲੱਗ ਅਲੱਗ ਧਰਮਾਂ ਦੇ ਸਾਹਿਤ ਨੇ ਸਾਂਝੀ ਜ਼ਬਾਨ ਨੂੰ ਬਨਾਣ ਅਤੇ ਉਸਦਾ ਵਿਕਾਸ ਕਰਨ ਵਿਚ ਬੜਾ ਯੋਗਦਾਨ ਦਿਤਾ ਹੈ।

ਇਸੇ ਤਰ੍ਹਾਂ ਸਾਂਝੀ ਭਾਸ਼ਾ ਰਾਹੀਂ ਧਾਰਮਿਕ ਸਹਿਣ-ਸ਼ੀਲਤਾ ਵੀ ਵਧਦੀ ਰਹੀ ਤੇ ਲੋਕੀਂ ਇਕ ਦੂਜੇ ਦੇ ਨਜ਼ਦੀਕ ਆਂਵਦੇ ਰਹੇ। ਪੰਜਾਬੀ ਵਿਚ ਧਾਰਮਿਕ ਕਟੜਤਾ ਵੈਸੇ ਵੀ ਘੱਟ ਸੀ, ਇਸ ਸਾਂਝੀ ਮਿਲਵਰਤੋਂ ਦੇ ਕਾਰਨ ਤੇ ਅਨੇਕ ਹੋਰ ਕਾਰਨਾਂ ਕਰਕੇ ਵੀ।

ਪੰਜਾਬ ਦਾ ਲੋਕ ਸਾਹਿਤ ਸਾਰਾ ਹੀ ਸਾਂਝਾ ਸੀ, ਭਾਵੇਂ ਉਹ ਹੀਰ ਰਾਂਝਾ ਹੋਵੇ ਜਾਂ ਸੋਹਣੀ ਮਹੀਂਵਾਲ ਤੇ ਭਾਵੇਂ ਟੱਪੇ ਤੇ ਲੋਕ-ਗੀਤ ਤੇ ਲੋਕ-ਕਥਾਵਾਂ। ਉਹ ਕਿਸੇ ਇਕ ਜਾਤੀ ਜਾਂ ਸਮੂਹ ਨਾਲ ਜੁੜਿਆਂ ਨਹੀਂ ਸਨ ਬਲਕਿ ਸਭ ਦੀ ਸਾਂਝੀ ਵਿਰਾਸਤ ਸੀ। ਉਹ ਬੁਲ੍ਹੇ ਸ਼ਾਹ ਦੀਆਂ ਸਾਖੀਆਂ ਹੋਣ ਜਾਂ ਸ਼ੇਖ ਫਰੀਦ ਦੀਆਂ, ਉਹ ਸਾਂਝੇ ਸਭਿਆਚਾਰ ਦਾ ਬੇਸ਼ਕੀਮਤ ਖਜ਼ਾਨਾ ਸਨ। ਕਿਸੇ ਨੂੰ ਇਹ ਨਹੀਂ ਸੀ ਪਤਾ ਕਿ ਵਾਰਸ ਸ਼ਾਹ ਨੇ ਆਪਣੀ 'ਹੀਰ' ਗੁਰਮੁਖੀ ਵਿਚ ਲਿਖੀ ਸੀ ਜ ਫਾਰਸੀ ਲਿਪੀ ਵਿਚ ਤੇ ਇਹ ਜਾਨਣ ਦੀ ਲੋੜ ਵੀ ਮਹਿਸੂਸ ਨਹੀਂ ਸੀ ਹੁੰਦੀ।

ਪਰ ਇਹ ਕਹਿਣਾ ਗਲਤ ਹੋਵੇਗਾ ਕਿ ਮਹਜ਼ਬ ਸਭ ਦੇ ਅਲੱਗ ਅਲੱਗ ਸਨ, ਕਿਉਂਕਿ ਪੰਜਾਬ ਦੀ ਧਰਤ ਤੇ ਇਕ ਐਸਾ ਧਰਮ ਪਨਪਿਆ ਸੀ ਜ਼ਿਹੜਾ ਜਾਤੀਅਤਾਂ ਤੇ ਧਰਮਾਚਾਰ ਦੇ ਬੰਧਨ ਤੋੜ ਕੇ ਸਭ ਲੋਕਾਂ ਨੂੰ ਮਿਲਾਣ ਵਾਲਾ ਧਰਮ ਸੀ। ਸਾਡੇ ਭਗਤਾਂ ਸੰਤਾਂ ਦੀ ਬਾਣੀ ਵਿਚ ਤੇ ਸੂਫੀ ਸ਼ਾਇਰਾਂ ਦੀ ਬਾਣੀ ਵਿਚ ਬਹੁਤ ਕੁਝ ਸਾਂਝਾ ਹੈ ਤੇ ਸਾਡੀ ਪੰਜਾਬ ਦੀ ਸਭ ਤੋਂ ਉਚੀ ਤੇ ਸਭ ਤੋਂ ਪਿਆਰੀ ਵਿਰਾਸਤ ਸੀ, ਇਸੇ ਵਿਚ ਹੀ ਅਸਲੀ ਪੰਜਾਬੀਅਤ ਵੀ ਝਲਕਦੀ ਸੀ। ਇਹ ਸਾਹਿਤ ਵੀ ਸਾਂਝਾ ਸੀ, ਲੋਕ ਭਾਸ਼ਾ ਵਿਚ ਸੀ, ਤੇ ਸਭ ਲੋਕਾਂ ਨੂੰ ਇਕ ਰੰਗ ਵਿਚ ਰੰਗਣ ਵਾਲਾ ਸੀ। ਬੁਲ੍ਹੇ ਸ਼ਾਹ, ਬਾਬਾ ਫਰੀਦ ਆਦਿ ਅਨੇਕ ਚਿੰਤਕ ਤੇ ਸਭ ਦੇ ਸਿਰਮੌਰ ਗੁਰੂ ਨਾਨਕ ਦੇਵ, ਉਸ ਸਾਂਝੀ ਸੰਸਕ੍ਰਿਤੀ ਦੇ ਹੀ ਪੈਗੰਬਰ ਹਨ ਜਿਹੜਾ ਪੁਰਾਤਨ ਕਟੜਪੰਥੀਆਂ ਦੇ ਵਿਰੋਧ ਵਿਚ ਉਪਜਿਆ ਸੀ ਜਿਹੜਾ ਅਲੱਗ ਅਲੱਗ ਧਰਮਾਂ ਦੀਆਂ ਹੱਦਬੰਦੀਆਂ ਨੂੰ ਤੋੜ ਕੇ, ਅਲੱਗ ਅਲੱਗ ਧਰਮਾਂ ਦੇ ਲੋਕਾਂ ਨੂੰ ਮਿਲਾਣ ਵਾਸਤੇ ਸਾਂਝੀ ਜੀਵਨ ਦ੍ਰਿਸ਼ਟੀ ਦੇਣ ਲਈ ਉਗਮਿਆ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਸਿੱਖੀ ਧਰਮ ਹੀ ਨਹੀਂ ਬੋਲਦਾ, ਉਹ ਸੱਚਾ ਮਾਨਵਤਾਵਾਦ ਬੋਲਦਾ ਹੈ, ਜਿਹੜਾ ਜਾਤੀਅਤਾ ਦੇ ਬੰਧਨ ਤੋੜ ਕੇ ਲੋਕਾਂ ਨੂੰ ਇਕ ਦੂਜੇ ਨਾਲ ਜੋੜਦਾ ਹੈ, ਇਨਸਾਨ ਨੂੰ ਇਨਸਾਨ ਨਾਲ ਮਿਲਾਂਵਦਾ ਹੈ। ਧਰਮਾਚਾਰ ਸਾਨੂੰ ਇਕ ਦੂਜੇ ਤੋਂ ਅਲੱਗ ਕਰਦਾ ਹੈ, ਪਰ ਬਾਣੀ ਸਾਨੂੰ ਇਕ ਦੂਜੇ ਨਾਲ ਜੋੜਦੀ ਹੈ। ਗੁਰੂ ਗਰੰਥ ਸਾਹਿਬ ਵਿਚ ਅਲੱਗ ਅਲੱਗ ਸੰਤਾਂ ਦੀ ਬਾਣੀ ਵੀ ਰਖੀ ਗਈ ਹੈ। ਕਿਉਂ ? ਕਿਉਂ ਜੋ ਉਹ ਉਸ ਸਾਂਝੀ ਧਰਮ ਭਾਵਨਾ ਤੇ ਮਾਨਵਤਾ ਨੂੰ ਵਿਅਕਤ ਕਰਦੀ ਹੈ ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ ਸਭ ਆ ਜਾਂਦੇ ਹਨ।

ਬੁੱਲ੍ਹੇ ਸ਼ਾਹ, ਬਾਬਾ ਫਰੀਦ ਤੇ ਹੋਰ ਕਿਤਨੇ ਹੀ ਸੰਤ ਫਕੀਰ ਜਿਹੜੇ ਆਪਣੀ ਬਾਣੀ ਦੀ ਦੌਲਤ ਸਾਨੂੰ ਦੇ ਗਏ ਹਨ, ਉਹ ਸਾਨੂੰ ਮਾਨਵਤਾ ਦੀ ਸੁਨਹਿਰੀ ਡੋਰ ਨਾਲ ਬੰਨ੍ਹ ਗਏ ਹਨ। ਇਕ ਪੰਜਾਬੀ ਨੂੰ ਇਸ ਗੱਲ ਦਾ ਕੋਈ ਫਰਕ



Sri Satguru Jagjit Singh Ji Elibrary NamdhariElibrary@gmail.com

ਨਹੀਂ ਪੈਂਦਾ ਕਿ ਇਹ ਭਾਵ ਬਾਬਾ ਫਰੀਦ ਦੇ ਮੂੰਹੋਂ ਨਿਕਲਿਆ ਹੈ ਜਾਂ ਕਬੀਰ ਦੇ ਮੂੰਹੋਂ, ਉਹ ਭਾਵ ਦੀ ਹੀ ਕਦਰ ਕਰਦਾ ਹੈ ਇਸ ਤਰ੍ਹਾਂ ਜਾਤੀਭਾਵ ਪੰਜਾਬ ਦੀ ਸੰਸਕ੍ਰਿਤੀ ਵਿਚ ਜ਼ਿਆਦਾ ਮਹੱਤਵ ਨਹੀਂ ਰਖਦਾ। ਇਸ ਤਰ੍ਹਾਂ ਪੰਜਾਬੀਆਂ ਨੂੰ ਇਕ ਦੂਜੇ ਨਾਲ ਜੋੜਨ ਵਾਲੀ ਭਾਵਨਾ ਬੜੀ ਮਜ਼ਬੂਤ ਤੇ ਬੜੀ ਡੂੰਘੀ ਰਹੀ ਹੈ। ਪੰਜਾਬ ਦੀ ਸੰਸਕ੍ਰਿਤੀ ਦੀ ਸਭ ਤੋਂ ਬੜੀ ਖਾਸੀਅਤ ਇਹ ਹੈ ਕਿ ਉਹ ਜਾਤੀਅਤਾ ਦੇ ਬੰਧਨਾ ਤੋਂ ਉੱਚਾ ਉਠਣ ਦੀ ਪ੍ਰੇਰਨਾ ਦਿੰਦੀ ਹੈ।

ਇਸ ਸੰਸਕ੍ਰਿਤੀ ਦਾ ਪ੍ਰਭਾਵ ਸੰਸਕਾਰ ਰੂਪ ਵਿਚ ਹਰ ਪੰਜਾਬੀ ਨੂੰ ਸਦਾ ਤੋਂ ਮਿਲਦਾ ਆ ਰਿਹਾ ਹੈ, ਇਸ ਨੇ ਪੰਜਾਬੀਆਂ ਨੂੰ ਇਕ ਦ੍ਰਿਸ਼ਟੀ ਦਿਤੀ ਹੈ, ਜਿਸ ਨੂੰ ਅਸੀਂ ਮਾਨਵਤਾਵਾਦੀ ਦ੍ਰਿਸ਼ਟੀ ਕਹਿੰਦੇ ਹਾਂ, ਜਿਹੜੀ ਸਾਡੇ ਲਈ ਬੇਸ਼ਕੀਮਤ ਹੈ।

ਇਸ ਤਰ੍ਹਾਂ ਪੰਜਾਬ ਦੀ ਸਾਂਝੀ ਸੰਸਕ੍ਰਿਤੀ ਕੇਵਲ ਸਾਡੀ ਸਾਂਝੀ ਮਾਤ-ਬੋਲੀ ਪੰਜਾਬੀ ਵਿਚ ਹੀ ਨਹੀਂ ਪਾਈ ਜਾਂਦੀ, ਜਾਂ ਸਾਡੇ ਸਾਂਝੇ ਰਹਿਣ ਸਹਿਣ ਵਿਚ, ਜਾਂ ਸਾਂਝੇ ਪੁਸ਼ਾਕ ਪਹਿਰਾਵੇ ਵਿਚ, ਜਾਂ ਅਨੇਕ ਸਾਂਝੀਆਂ ਰਸਮਾਂ ਰਿਵਾਜਾਂ ਵਿਚ ਬਲਕਿ ਉਸ ਸਾਂਝੀ ਦ੍ਰਿਸ਼ਟੀ ਵਿਚ ਪਾਈ ਜਾਂਦੀ ਹੈ ਜਿਸ ਨੂੰ ਅਸੀਂ ਪੰਜਾਬੀਅਤ ਦਾ ਨਾਮ ਦੇਂਦੇ ਹਾਂ, ਜਿਹੜਾ ਭਗਤੀ ਅੰਦੋਲਨ, ਮਧ ਯੁਗ ਵਿਚ ਸਾਡੇ ਦੇਸ਼ ਵਿਚ ਚਲਿਆ ਸੀ, ਤੇ ਜਿਹੜਾ ਸਚਮੁਚ ਦੇਸ਼ ਦੇ ਉਸ ਪਿਛੋਕੜ ਵਿਚ ਪਹਿਲਾ ਸੈਕੂਲਰ ਅੰਦੋਲਨ ਸੀ। ਉਸ ਦਾ ਸਭ ਤੋਂ ਗਹਿਰਾ ਤੇ ਟਿਕਾਊ ਅਸਰ ਪੰਜਾਬ ਦੇ ਸਭਿਆਚਾਰ ਉਪਰ ਪਿਆ ਸੀ। ਤੇ ਜਿਹੜੀ ਭਾਵਨਾਤਮਕ ਏਕਤਾ ਪੰਜਾਬੀਆਂ ਨੂੰ ਇਕ ਦੂਜੇ ਨਾਲ ਜੋੜਦੀ ਹੈ ਉਹ ਬਹੁਤ ਹੱਦ ਤਕ ਇਸੇ ਦੀ ਉਪਜ ਸੀ। ਇਸੇ ਮਾਨਵਤਾਵਾਦ ਨੂੰ ਅਸੀਂ ਪੰਜਾਬੀਅਤ ਕਹਿ ਸਕਦੇ ਹਾਂ।

ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਵਿਚ ਇਸ ਤਰ੍ਹਾਂ ਦਾ ਮਾਹੌਲ ਵਿਆਪਕ ਸਤਰ ਤੇ ਜ਼ਰੂਰ ਪਾਇਆ ਜਾਂਦਾ ਸੀ, ਫਿਰ ਅੰਗਰੇਜ਼ ਹਾਕਮਾਂ ਦੀ ਨੀਤੀ ਕਾਰਨ ਜਿਹੜੇ ਭਾਰਤੀਆਂ ਨੂੰ ਆਪਸ ਵਿਚ ਵੰਡਣ ਦੀ ਨੀਤੀ ਸੀ, ਮਜ਼ਹਬ ਤੇ ਭਾਸ਼ਾ ਨੂੰ ਲੈ ਕੇ ਵਿਤਕਰੇ ਸ਼ੁਰੂ ਹੋ ਗਏ, ਤੇ ਸਾਡੀਆਂ ਅੱਖਾਂ ਸਾਹਮਣੇ ਸਾਂਝੇ ਸਭਿਆਚਾਰ ਵਿਚ ਤਰੇੜਾਂ ਪੈਣ ਲਗ ਪਈਆਂ। ਮੇਰੇ ਸ਼ਹਿਰ ਰਾਵਲਪਿੰਡੀ ਵਿੱਚ ਪਹਿਲਾਂ ਹਿੰਦੂ ਮੁਸਲਮ ਦੰਗਾ ੧੯੨੬ ਵਿਚ ਹੋਇਆ ਸਾਨੂੰ ਪਤਾ ਹੈ ਕਿ ੧੯੨੨ ਤੋਂ ੧੯੨੭ ਦੌਰਾਨ ਦੇਸ਼ ਭਰ ਵਿਚ ਜਗਾ-ਜਗਾ ਦੰਗੇ ਹੋਏ। ਫਿਰ ਮਜ਼ਹਬੀ ਜਲੂਸਾਂ ਉਤੇ ਵੱਟੇ ਪੈਣ ਲਗ ਪਏ, ਹਰ ਵਾਰੀ ਗੁਰਪੁਰਬ ਵਾਲੇ ਦਿਨ ਜਾਂ ਮੁਹਰਮ ਵਾਲੇ ਦਿਨ ਸ਼ਹਿਰ ਵਿਚ ਡਰ ਤੇ ਤਨਾਓ ਵਧ ਜਾਂਦਾ।

ਪਰ ਚੂੰਕਿ ਸਾਂਝੇ ਸਭਿਆਚਾਰ ਦੀਆਂ ਜੜ੍ਹਾਂ ਕਾਫੀ ਗਹਿਰੀਆਂ ਸਨ ਇਸ ਲਈ ਪੰਜਾਬ ਦੇ ਲੋਕ ਫਿਰਕਾ ਪ੍ਰਸਤੀ ਦੀ ਇਸ ਲਹਿਰ ਵਿਚ ਵਹਿ ਨਹੀਂ ਗਏ, ਹਾਂ ਇਸ ਵਿਚ ਵੀ ਨਹੀਂ ਕਿ ਦੰਗੇ ਫਸਾਦ ਅਤੇ ਮਜ਼੍ਹਬ ਦੇ ਆਧਾਰ ਤੇ ਦੇਸ਼ ਦੇ ਬਟਵਾਰੇ ਤੋਂ ਇਸ ਸਾਂਝੇ ਸਭਿਆਚਾਰ ਨੂੰ ਬੜੀ ਗਹਿਰੀ ਸੱਟ ਵਜੀ ਹੈ।

ਪਰ ਅਸੀਂ ਦੇਖਿਆ ਹੈ ਕਿ ਇਸ ਫਿਰਕਾ-ਪ੍ਰਸਤੀ ਦਾ ਵਿਰੋਧ ਕਰਨ ਵਾਲੇ ਅਨਸਰ ਸਾਡੇ ਪੰਜਾਬ ਵਿਚ ਆਪਣੀ ਆਵਾਜ਼ ਬੁਲੰਦ ਕਰਨ ਲਗ ਪਏ। ਇਸ ਸਾਂਝੇ ਸਭਿਆਚਾਰ ਤੇ ਭਾਵਨਾਤਮਕ ਏਕਤਾ ਨੂੰ ਕਾਇਮ ਰਖਣ, ਤੇ ਹੋਰ ਵਧਰੇ ਮਜ਼ਬੂਤ ਬਨਾਉਣ ਲਈ ਪੰਜਾਬੀ ਦੇ ਲੇਖਕਾਂ ਨੇ ਬੜੀ ਅਹਿਮ ਭੂਮਿਕਾ ਨਿਭਾਈ ਅਤੇ ਅਜ ਤਕ ਨਿਭਾ ਰਹੇ ਹਨ। ਇਸ ਵਿਚ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਵਿਚ ਲਿਖਣ ਵਾਲੇ ਸਭ ਪੰਜਾਬੀ ਲੇਖਕਾਂ ਦਾ ਯੋਗਦਾਨ ਇਤਨਾ ਮਹਾਨ ਰਿਹਾ ਹੈ ਕਿ ਉਸ ਉਪਰ ਸਾਨੂੰ ਪੰਜਾਬੀਆਂ ਨੂੰ ਸੱਚਾ ਗਰਬ ਹੋ ਸਕਦਾ ਹੈ। ਉਹਨਾਂ ਫਿਰਕਾ ਪ੍ਰਸਤੀ ਦੇ ਖਿਲਾਫ ਬੜੇ ਪੁਰਜ਼ੋਰ ਤਰੀਕੇ ਤੇ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਪੰਜਾਬ ਦਾ ਬਟਵਾਰਾ ਮਜ਼ਹਬ ਦੇ ਆਧਾਰ ਤੇ ਹੋਇਆ ਸੀ, ਫਿਰਕਾਦਾਰਾਨਾ ਦੰਗੇ ਵੀ ਬੜੇ ਖੂਨੀ ਤੇ ਜ਼ਾਲਮ ਹੋਏ ਸਨ। ਅਸੀਂ ਅੰਗਰੇਜ਼ਾਂ ਦੇ ਹੱਥਾਂ ਵਿਚ ਖੇਡ ਗਏ, ਪਰ ਉਸ ਭਿਅੰਕਰ ਕਾਲ ਵਿਚ ਵੀ, ਜਦ ਪੰਜਾਬੀ ਘਰੋਂ ਬੇਘਰ ਹੋ ਰਹੇ ਸਨ, ਲੁੱਟੇ ਪੁੱਟੇ ਜਾ ਰਹੇ ਸਨ, ਕੋਈ ਪੰਜਾਬੀ ਲੇਖਕ ਫਿਰਕਾਪ੍ਰਸਤੀ ਦਾ ਸ਼ਿਕਾਰ ਨਹੀਂ ਹੋਇਆ, ਕਿਸੇ ਪੰਜਾਬੀ ਲੇਖਕ ਨੇ ਫਿਰਕਾਪ੍ਰਸਤੀ ਦੀਆਂ ਤਾਕਤਾਂ ਨੂੰ ਆਪਣਾ



Sri Satguru Jagjit Singh Ji Elibrary NamdhariElibrary@gmail.com

ਸਮਰਥਨ ਨਹੀਂ ਦਿੱਤਾ, ਬੜੇ ਲੋਕ ਫਿਰਕਾਪ੍ਰਸਤੀ ਦਾ ਸ਼ਿਕਾਰ ਹੋਏ, ਬੜਿਆਂ ਨੇ ਨਜ਼ਰੀਏ ਬਦਲੇ, ਹਿਕਾਰਤ ਤੇ ਘਿਰਣਾ ਵਧੀ, ਪਰ ਆਫਰੀਨ ਹੈ ਪੰਜਾਬ ਤੇ ਦੇ ਲਿਖਾਰੀਆਂ 'ਤੇ, ਉਹਨਾਂ ਦੀ ਕਲਮ ਇਸ ਫਿਰਕਾ-ਪ੍ਰਸਤੀ ਦੇ ਖਿਲਾਫ ਤੇਜ਼ ਹੁੰਦੀ ਗਈ। ਦੇਸ਼ ਭਰ ਵਿਚ ਫਿਰਕਾਪ੍ਰਸਤੀ ਵਿਰੁਦ ਮੋਰਚਾ ਲਾਉਣ ਵਿਚ ਪੰਜਾਬ ਦੇ ਲੇਖਕਾਂ ਦਾ ਯੋਗਦਾਨ ਸਭ ਤੋਂ ਜ਼ਿਆਦਾ ਰਿਹਾ ਹੈ। ਇਸ ਵਿਸ਼ੇ ਤੇ ਸਭ ਤੋਂ ਵਧ ਕਿਤਾਬਾਂ, ਕਹਾਣੀਆਂ, ਕਵਿਤਾਵਾਂ, ਉਪਨਿਆਸ, ਪੰਜਾਬ ਦੇ ਲੇਖਕਾਂ ਦੀ ਕਲਮ ਤੋਂ ਨਿਕਲੇ ਹਨ, ਭਲੇ ਹੀ ਉਹ ਪੰਜਾਬੀ ਲੇਖਕ ਕਿਸੇ ਵੀ ਭਾਸ਼ਾ ਵਿਚ ਲਿਖ ਰਹੇ ਹੋਣ, ਤੇ ਭਾਵੇਂ ਉਹ ਪਾਕਿਸਤਾਨ ਵਿਚ ਬੈਠੇ ਸਆਦਤ ਹਸਨ ਮੰਟੋ, ਫੈਜ਼ ਅਹਿਮਦ ਫੈਜ਼ ਹੋਵਣ ਜਾਂ ਸਾਡੇ ਆਪਣੇ ਪੰਜਾਬ ਦੇ ਲੇਖਕ ਹੋਣ। ਅੰਮ੍ਰਿਤਾ ਪ੍ਰੀਤਮ ਦੀ ਕਲਾਸਿਕ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' (ਪੰਜਾਬੀ), ਕਿਸ਼ਨ ਚੰਦਰ ਦੀ ਕਹਾਣੀ 'ਪਸ਼ਾਵਰ ਐਕਸਪ੍ਰੈਸ' (ਉਰਦੂ), ਯਸ਼ਪਾਲ ਦਾ ਉਪਨਿਆਸ 'ਝੂਠਾ ਸੱਚ' (ਹਿੰਦੀ) ਰਾਮਾ ਨੰਦ ਸਾਗਰ ਦਾ ਉਪਨਿਆਸ 'ਔਰ ਇਨਸਾਨ ਮਰ ਗਿਆ' (ਉਰਦੂ), ਖੁਸ਼ਵੰਤ ਸਿੰਘ ਦਾ ਉਪਨਿਆਸ 'ਟਰੇਨ ਟੂ ਪਾਕਿਸਤਾਨ' (ਅੰਗਰੇਜ਼ੀ) ਆਦਿ ਰਚਨਾਵਾਂ ਉਸ ਖੂੰਰੇਜ਼ੀ ਵਿਚੋਂ ਜਨਮ ਲੈ ਕੇ ਨਿਕਲੀਆਂ ਹਨ, ਪਰ ਸਭ ਦਾ ਨਜ਼ਰੀਆ ਸਾਫ ਹੈ, ਸਭ ਵਿਚ ਉੱਚੇ ਦਰਜੇ ਦੀ ਇਨਸਾਨ ਹਮਦਰਦੀ ਪਾਈ ਜਾਂਦੀ ਹੈ।

ਇਹ ਚੋਣਵੇਂ ਲੇਖਕ ਪੰਜਾਬੀ ਦੇ ਜੰਮ ਪਲ ਹਨ ਤੇ ਅਲੱਗ ਅਲੱਗ ਭਾਸ਼ਾਵਾਂ ਵਿਚ ਲਿਖਣ ਵਾਲੇ ਹਨ। ਪਰ ਸਭ ਦੀਆਂ ਰਚਨਾਵਾਂ ਵਿਚ ਪੰਜਾਬੀਅਤ ਝਲਕਦੀ ਹੈ। ਇਸ ਵਿਚ ਵੀ ਸ਼ੱਕ ਨਹੀਂ ਕਿ ਇਸ ਭਾਵਨਾਤਮਕ ਏਕਤਾ ਨੂੰ ਬਲ ਦੇਣ ਵਿਚ ਸਾਡੀ ਸਾਂਝੀ ਸੰਸਕਿਰਤੀ ਦਾ ਪ੍ਰਭਾਵ ਸੀ। ਨਾਲ ਦੀ ਨਾਲ, ਅਜ਼ਾਦੀ ਲਈ ਲੜੇ ਜਾਣ ਵਾਲੇ ਰਾਸ਼ਟਰੀ ਅੰਦੋਲਨ ਦਾ ਪ੍ਰਭਾਵ ਵੀ ਸੀ ਤੇ ਬਹੁਤ ਹੱਦ ਤਕ ਨਵੀਂ ਵਾਮਪੰਥੀ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਭਾਵ ਵੀ ਸੀ।

ਪੰਜਾਬੀਆਂ ਦਾ ਰਵੱਈਆ ਜ਼ਬਾਨ ਦੇ ਮਾਮਲੇ ਵਿਚ ਵੀ ਬੜਾ ਉਦਾਰ ਤੇ ਖੁਲ੍ਹਾ ਰਿਹਾ ਹੈ। ਇਥੋਂ ਤੋੜੀ ਕਿ ਇਸ ਨਾਲ ਉਹਨਾਂ ਦੀ ਆਪਣੀ ਭਾਸ਼ਾ ਦੇ ਵਿਕਾਸ ਵਿਚ ਥੋੜ੍ਹਾ ਨੁਕਸਾਨ ਪਹੁੰਚਿਆ ਹੈ। ਇਸ ਦੇ ਅਨੇਕ ਇਤਿਹਾਸਕ ਕਾਰਨ ਸਨ, ਤੇ ਉਹਨਾਂ ਵਲ ਏਸ ਵੇਲੇ ਜਾਣ ਦੀ ਲੋੜ ਨਹੀਂ, ਪਰ ਜਿਸ ਮਾਹੌਲ ਵਿਚ ਮੇਰੀ ਤੇ ਮੇਰੇ ਤੋਂ ਪਹਿਲਾਂ ਦੀ ਪੀੜ੍ਹੀ ਦੀ ਜੰਮ ਪਲ ਹੋਈ ਉਸ ਵਿਚ ਲਿਖਣ ਦਾ ਮਾਧਿਅਮ ਅਨੇਕ ਭਸ਼ਾਵਾਂ ਬਣ ਰਹੀਆਂ ਸਨ। ਅੰਗਰੇਜ਼ੀ ਬੜੇ ਵਕਾਰ ਦੀ ਭਾਸ਼ਾ ਸੀ। ਉਰਦੂ ਦਾ ਚਲਣ ਤੇ ਵਕਾਰ ਵੀ ਬੜਾ ਉੱਚਾ ਸੀ। ਕਿਧਰੇ ਪਾਠਕਾਂ ਦੀ ਵਧੇਰੀ ਗਿਣਤੀ ਦਾ ਖਿਆਲ ਕਰਕੇ, ਕਿਧਰੇ ਆਪਣੇ ਆਪਣੇ ਸੰਸਕਾਰਾਂ ਵਸ, ਲੇਖਕਾਂ ਨੇ ਸਾਹਿਤ ਰਚਨਾ ਲਈ ਅਲੱਗ ਅਲੱਗ ਜ਼ਬਾਨਾਂ ਅਪਣਾਈਆਂ।

ਇਸ ਸੰਬੰਧ ਵਿਚ ਇਕ ਚੁਟਕਲਾ ਯਾਦ ਆਂਵਦਾ ਹੈ: ਇਕ ਵਾਰੀ ਮਾਸਕੋ ਵਿਚ ਲੇਖਕਾਂ ਦਾ ਇਕ ਅੰਤਰ-ਰਾਸ਼ਟਰੀ ਸੰਮੇਲਨ ਹੋਇਆ। ਹਰ ਦੇਸ਼ ਤੋਂ ਲੇਖਕ ਪਹੁੰਚੇ ਤੇ ਚਾਰ ਲੇਖਕਾਂ ਦਾ ਇਕ ਵਫਦ ਭਾਰਤ ਤੋਂ ਵੀ ਗਿਆ, ਅੰਗਰੇਜ਼ੀ, ਹਿੰਦੀ, ਉਰਦੂ ਤੇ ਪੰਜਾਬੀ ਦੇ ਚਾਰ ਲੇਖਕ ਭਾਰਤ ਦੇ ਸ਼ਿਸ਼ਟ ਮੰਡਲ ਵਿਚ ਸਨ। ਚੰਗਾ ਵਧੀਆ ਪ੍ਰਤੀਨਿਧ ਮੰਡਲ ਸੀ, ਪਰ ਜਦ ਉਥੇ ਪਹੁੰਚੇ ਤਾਂ ਪਤਾ ਲਗਾ ਕਿ ਚਾਰੇ ਲੇਖਕ ਪੰਜਾਬੀ ਹਨ। ਅੰਗਰੇਜ਼ੀ ਵਿਚ ਮੁਲਖ ਰਾਜ ਆਨੰਦ, ਉਰਦੂ ਵਿਚ ਰਾਜਿੰਦਰ ਸਿੰਘ ਬੇਦੀ, ਪੰਜਾਬੀ ਵਿਚ ਸੰਤ ਸਿੰਘ ਸੇਖੋਂ ਤੇ ਹਿੰਦੀ ਵਿਚ ਯਸ਼ਪਾਲ।

ਇਹ ਮੈਨੂੰ ਨਹੀਂ ਪਤਾ ਕਿ ਇਸ ਵਾਕੇ 'ਤੇ ਖੁਸ਼ ਹੋਣਾ ਚਾਹੀਦਾ ਹੈ ਜਾਂ ਸ਼ਰਮਸਾਰ ਮਹਿਸੂਸ ਕਰਨਾ ਚਾਹੀਦਾ ਹੈ, ਪਰ ਇਤਨਾ ਮੈਂ ਜਾਣਦਾ ਹਾਂ ਕਿ ਜਿਹਨਾਂ ਪੰਜਾਬੀਆਂ ਨੇ ਹੋਰ ਜ਼ਬਾਨਾਂ ਵਿਚ ਲਿਖਿਆ ਹੈ, ਉਨ੍ਹਾਂ ਚੰਗੇ ਪੱਧਰ ਦਾ ਸਾਹਿਤ ਰਚ ਕੇ ਉਨ੍ਹਾਂ ਭਾਸ਼ਾਵਾਂ ਦੇ ਸਾਹਿਤ ਨੂੰ ਸਮਰਿਧ ਹੀ ਬਣਾਇਆ ਹੈ ਤੇ ਪੰਜਾਬੀਆਂ ਦੀ ਹੋਰ ਜ਼ਬਾਨਾਂ ਵਿਚ ਲਿਖਣ ਦੀ ਯੋਗਤਾ ਦੀ ਕਦਰ ਕਰਨੀ ਪੈਂਦੀ ਹੈ। ●



Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

# ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone Nc. 43260



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE




Sri Satguru Jagjit Singh Ji Elibrary NamdhariElibrary@gmail.com

# ਸਮਾਗਮ ਫੇਰ ਆਏ

—ਅਨੁਭਵੀ

ਲੇਖਕ ਸਭਾ ਜਲੰਧਰ ਨੇ ਜਸਵੰਤ ਸਿੰਘ ਵਿਰਦੀ ਦੇ ਨਾਵਲ 'ਕੰਡਿਆਂ ਤੇ ਤੁਰਨਾ' ਉਤੇ ਪਿਛਲੇ ਦਿਨੀਂ ਇਕ ਗੋਸ਼ਟੀ ਕਰਵਾ ਕੇ ਜਲੰਧਰ ਦੀਆਂ ਸਾਹਿਤਕ ਸਰਗਰਮੀਆਂ ਵਿਚ ਇਸ ਪਾਸਿਓਂ ਆਈ ਖੜੋਤ ਨੂੰ ਤੋੜਿਆ ਹੈ । ਜਲੰਧਰ ਦਾ ਕੋਈ ਐਤਵਾਰ ਸਮਾਗਮਾਂ ਤੋਂ ਖ਼ਾਲੀ ਕਦੇ ਘਟ ਹੀ ਗਿਆ ਹੈ ਪਰ ਇਨਾਂ ਸਮਾਗਮਾਂ ਵਿਚ ਲੇਖਕ ਸਭਾ ਜਲੰਧਰ ਦਾ ਹਿੱਸਾ ਪਿਛਲੇ ਕੁਝ ਸਮੇਂ ਤੋਂ ਕੁਝ ਘਟ ਗਿਆ ਸੀ— ਇਸਦੇ ਜਾਣੇ-ਅਣਜਾਣੇ ਕਈ ਕਾਰਨ ਹੋ ਸਕਦੇ ਹਨ ਪਰ ਇਹ ਖ਼ੁਸ਼ੀ ਦੀ ਗੱਲ ਹੈ ਕਿ ਇਹ ਜਮੂਦ ਟੁਟਿਆ ਹੈ ਅਤੇ 'ਕੈਨੇਡੀਅਨ ਪੰਜਾਬੀ ਕਵੀ ਮਿੱਤਰ ਰਾਸ਼ਾ' ਦੇ ਸਮਾਗਮ ਨੇ ਇਨ੍ਹਾਂ ਸਰਗਰਮੀਆਂ ਨੂੰ ਹੋਰ ਅੱਗੇ ਤੋਰਿਆ ਹੈ ।

ਸਨਾਤਨ ਧਰਮ ਹਾਇਰ ਸੈਕੰਡਰੀ ਸਕੂਲ ਵਿਚ ਲੇਖਕ ਸਭਾ ਦੇ ਪ੍ਰਧਾਨ ਸ੍ਰੀ ਪਿਆਰਾ ਸਿੰਘ ਭੋਗਲ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਸਟੇਜ ਸਕੱਤਰੀ ਦੇ ਫਰਜ਼ ਸਭਾ ਦੇ ਮੀਤ ਪ੍ਰਧਾਨ ਸ੍ਰੀ ਜਗਦੀਸ਼ ਸਿੰਘ ਨਿਭਾ ਰਹੇ ਸਨ—ਪਰਚੇ ਪੜ੍ਹਨ ਵਾਲਿਆਂ ਵਿਚ ਸ਼ਾਮਲ ਸਨ—ਸ੍ਰੀ ਗੁਰਦਿਆਲ ਸਿੰਘ ਫੁੱਲ, ਪ੍ਰੋ: ਨਿਰੰਜਣ ਸਿੰਘ ਢੇਸੀ, ਲਖਵਿੰਦਰ ਜੋਹਲ, ਪ੍ਰੋ: ਪਰਬਿੰਦਰ ਸਿੰਘ । ਆਨੰਦਪੁਰ ਸਾਹਿਬ ਦੇ ਹੋਲਾ ਮਹੱਲਾ ਸਮਾਗਮ ਉਤੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਡਾ:ਗੁਰਦਿਆਲ ਸਿੰਘ ਫੁੱਲ ਦਾ ਵਿਸ਼ੇਸ਼ ਸਨਮਾਨ ਕੀਤੇ ਜਾਣ ਕਾਰਨ ਜਲੰਧਰ ਵਿਚ ਉਹਨਾਂ ਵਲੋਂ ਲਿਖਿਆ ਗਿਆ ਪਰਚਾ ਸ੍ਰੀ ਜੰਗ ਬਹਾਦਰ ਸਿੰਘ ਘਈ ਨੂੰ ਪੜ੍ਹਨਾ ਪਿਆ ।

ਚੌਹਾਂ ਹੀ ਪਰਚਾ ਲੇਖਕਾਂ ਵਲੋਂ ਜਿਥੇ 'ਕੰਡਿਆਂ ਤੇ ਤੁਰਨਾ' ਨੂੰ ਪੰਜਾਬੀ ਨਾਵਲ ਲੜੀ ਦਾ ਇਕ ਵਿਲੱਖਣ ਨਾਵਲ ਕਰਾਰ ਦਿਤਾ ਗਿਆ ਉਥੇ ਇਸ ਵਿਚ ਆਈਆਂ ਕੁਝ ਅਤਿ-ਕਥਨੀਆਂ ਉਤੇ ਕਿੰਤੂ ਵੀ ਕੀਤਾ ਗਿਆ ਜਿਸਨੇ ਬਹਿਸ ਨੂੰ ਕੁਝ ਕਰਾਰਾ ਕਰ ਦਿਤਾ । ਪ੍ਰੀਤਮ ਸਿੰਘ ਗੋਰਾਇਆ ਤੋਂ ਸ਼ੁਰੂ ਹੋਈ ਬਹਿਸ ਪ੍ਰੋ: ਗੁਰਨਾਮ ਸਿੰਘ ਤੱਕ ਚੱਲੀ । ਬਹਿਸਕਾਰਾਂ ਨੇ ਪਰਚਾ ਲੇਖਕਾਂ ਦੀਆਂ ਕਮਜ਼ੋਰੀਆਂ ਵੀ ਫੜਨ ਦੀ ਕੋਸ਼ਿਸ਼ ਕੀਤੀ ਅਤੇ ਵਿਰਦੀ ਦੇ ਨਾਵਲ ਦੀਆਂ ਕੁਝ 'ਘਾਟਾਂ' ਨੂੰ ਉਜਾਗਰ ਕਰਨ ਦਾ ਯਤਨ ਵੀ । ਅਵਤਾਰ ਭਾਟੀਆ ਦੀ ਤੇਜ਼ ਸੁਰ ਨੇ ਵਿਰਦੀ ਉਤੇ 'ਖਾਹ-ਮਖ਼ਾਹ ਅਤਿਕਥਨੀਆਂ'ਪੇਸ਼ ਕਰਨ ਦਾ ਦੋਸ਼ ਲਾਇਆ ਜਦੋਂ ਕਿ ਪ੍ਰੀਤਮ ਸਿੰਘ ਗੁਰਾਇਆ ਨੂੰ ਨਾਵਲ ਵਿਚੋਂ ਨਾਇਕ ਨਾ ਲੱਭਾ । ਹਰਭਜਨ ਬਟਾਲਵੀ ਨੂੰ ਪਰਚਾ ਲੇਖਕਾਂ ਉਤੇ ਨਾਵਲ ਦੀ ਭਾਸ਼ਾ ਦਾ ਚਰਚਾ ਨਾ ਕਰਨ ਦਾ ਇਤਰਾਜ਼ ਸੀ ਅਤੇ ਪ੍ਰੋ: ਪ੍ਰਿਤਪਾਲ ਹੋਰਾਂ ਨੂੰ ਲਖਵਿੰਦਰ ਜੋਹਲ ਦੇ ਪਰਚੇ ਦੀ ਭਾਸ਼ਾ ਦੇ ਔਖਿਆ ਹੋਣ ਉਤੇ ।

ਦੇਵਿੰਦਰ ਜੋਹਲ ਨੇ ਵਿਰਦੀ ਦੇ ਨਾਵਲ ਉਤੇ ਲਾਏ ਗਏ 'ਖਾਹ ਮਖ਼ਾਹ ਅਤਿਕਥਨੀਆਂ' ਪੇਸ਼ ਕਰਨ ਦੇ ਦੋਸ਼ ਨੂੰ ਕਟਦਿਆਂ ਅਵਤਾਰ ਭਾਟੀਆ ਨੂੰ ਫ਼ੈਂਟਸੀ ਬਾਰੇ ਮੁੜ ਤੋਂ ਪੜ੍ਹਨ-ਵਿਚਾਰਨ ਦੀ ਸਲਾਹ ਦਿਤੀ । ਉਹਨਾਂ ਨੇ ਪ੍ਰੋ: ਨਿਰੰਜਣ ਸਿੰਘ ਢੇਸੀ ਵਲੋਂ ਆਪਣੇ ਪਰਚੇ ਵਿਚ ਉਠਾਏ ਇਸ ਨੁਕਤੇ ਕਿ ਵਿਰਦੀ ਕੁਝ 'ਅਸ਼ਲੀਲ' ਜਿਹੇ ਪਲਾਂ ਦਾ ਜ਼ਿਕਰ ਕਰਕੇ ਜਿਵੇਂ ਖੁਦ ਕੁਝ ਮਾਨਣ ਦਾ ਯਤਨ ਕਰ ਰਿਹਾ ਹੈ ਉਤੇ ਵੀ ਇਤਰਾਜ਼ ਕੀਤਾ ਅਤੇ ਨਾਵਲ ਵਿਚ ਵਿਆਖਿਆਤ ਹੋਏ ਇਹਨਾਂ ਪਲਾਂ ਦੇ ਸੁਭਾਅ ਨੂੰ ਸਮਝਣ ਅਤੇ ਪਾਤਰ ਦੀ ਮਾਨਸਿਕਤਾ ਵਿਚ ਇਸਦੇ ਟਿਕਾਓ ਨੂੰ ਪਕੜਨ ਦੀ ਕੋਸ਼ਿਸ ਕਰਨ ਦਾ ਸੁਝਾਅ ਦਿਤਾ ।

ਗੁਰਬਖਸ਼ ਸਿੰਘ ਬੰਨੋਆਣਾ, ਸੁਰਜਨ ਜ਼ੀਰਵੀ, ਪ੍ਰੇਮ ਪ੍ਰਕਾਸ਼, ਪ੍ਰੇਮ ਗੋਰਖੀ ਅਤੇ ਤਰਸੇਮ ਗੁਜਰਾਲ ਆਦਿ ਵੀ ਇਸ ਗੋਸ਼ਟੀ ਵਿਚ ਹਾਜ਼ਰ ਸਨ ਪਰ ਇਹਨਾਂ ਵਿਚੋਂ ਕਿਸੇ ਨੇ ਬਹਿਸ਼ ਵਿਚ ਕੋਈ ਹਿੱਸਾ ਨਾ ਲਿਆ ।

ਬਹਿਸ ਵੀ ਬਹੁਤੀ ਭਖੀ ਨਹੀਂ ਸੀ ਅਤੇ ਪਰਚਾ ਲੇਖਕਾਂ ਦੇ ਸਪਸ਼ਟੀਕਰਨਾਂ ਨੇ ਵੀ ਇਸਨੂੰ ਠਰੰਮੇ ਨਾਲ ਹੀ ਲਿਆ ਸਿਵਾਏ ਲਖਵਿੰਦਰ ਜੋਹਲ ਦੇ ਔਖੀ ਭਾਸ਼ਾ ਉਤੇ ਹੋਏ ਹਮਲੇ ਦਾ ਜੁਆਬ ਔਖੇ ਹੋ ਕੇ ਹੀ ਦੇਣ ਤੋਂ ।

ਜਸਵੰਤ ਸਿੰਘ ਵਿਰਦੀ ਨੇ ਬਹਿਸਕਾਰਾਂ ਵਲੋਂ ਨਾਵਲ



Sri Satguru Jagjit Singh Ji Elibrary NamdhariElibrary@gmail.com

ਵਿਚ ਆਈਆਂ ਕੁਝ ਉਣਤਾਈਆਂ ਵਲ ਧਿਆਨ ਦੁਆਉਣ ਦਾ ਧੰਨਵਾਦ ਕਰਦਿਆਂ ਅਤੇ ਪ੍ਰਬੰਧਕਾਂ ਦੇ ਗੋਸ਼ਟੀ ਕਰਾਉਣ ਦਾ ਧੰਨਵਾਦ ਕਰਦਿਆਂ ਕੁਝ ਸਮਾਂ ਸਰੋਤਿਆਂ ਨਾਲ ਸਾਂਝਾ ਕੀਤਾ।

ਆਪਣੇ ਭਾਸ਼ਣ ਵਿਚ ਉਹਨਾਂ ਨੇ ਪ੍ਰੀਤਮ ਸਿੰਘ ਗੋਰਾਇਆ ਦੇ ਨਾਇਕ ਨੂੰ ਪੇਸ਼ ਨਾ ਕਰਨ ਦੇ ਦੋਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਵਲ ਵਿਚ ਉਹ ਇਹੀ ਕਰ ਸਕਦੇ ਸਨ ਕਿਉਂਕਿ ਉਹਨਾਂ ਦਾ ਚੁਣਿਆ ਪਾਤਰ ਇਸੇ ਪਾਸੇ ਜਾ ਰਿਹਾ ਸੀ—ਉਹ ਆਪ ਅਜੇਹੀ ਨਾਵਲੀ-ਤਕਨੀਕ ਦੇ ਹੱਕ ਵਿਚ ਨਹੀਂ ਹਨ ਕਿ ਕਿਸੇ ਪਾਤਰ ਨੂੰ ਐਵੇਂ ਕਿਸੇ ਪਾਸੇ ਖਿੱਚੀ-ਧੂਹੀ ਫਿਰਿਆ ਜਾਵੇ। ਇਸ ਤੋਂ ਪਹਿਲਾਂ ਬਹਿਸ ਦਾ ਜੁਆਬ ਦੇਂਦਿਆਂ ਲਖਵਿੰਦਰ ਜੋਹਲ ਨੇ ਪ੍ਰੀਤਮ ਸਿੰਘ ਗੁਰਾਇਆ ਨੂੰ 'ਨਾਇਕ ਦੀ ਪੇਸ਼ਕਾਰੀ' ਦਾ ਸੰਕਲਪ ਪੇਸ਼ ਕਰਕੇ ਨਾਵਲ ਨੂੰ ਮੁੜ ਮਧਕਾਲੀ ਜੁਗਤ ਵਲ ਧਕਣ ਦੀ ਕੋਸ਼ਿਸ਼ ਨਾ ਕਰਨ ਦੀ ਬੇਨਤੀ ਕੀਤੀ। ਸ੍ਰੀ ਵਿਰਦੀ ਨੇ ਕਿਹਾ ਕਿ ਉਹ ਆਪਣੇ ਨਵੇਂ ਨਾਵਲਾਂ ਵਿਚ ਪਰਚਾ ਲੇਖਕਾਂ ਦੇ ਸੁਝਾਵਾਂ ਅਤੇ ਬਹਿਸਕਾਰਾਂ ਦੇ ਇਤਰਾਜ਼ਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ।

ਸ੍ਰੀ ਪਿਆਰਾ ਸਿੰਘ ਭੋਗਲ ਦਾ ਪ੍ਰਧਾਨਗੀ/ਧੰਨਵਾਦਗੀ ਭਾਸ਼ਣ ਲੇਖਕਾਂ ਅਤੇ ਆਲੋਚਕਾਂ ਨੂੰ ਸਭਾ ਵਲੋਂ ਕਰਵਾਏ ਜਾ ਰਹੇ ਅਗਲੇ ਸਮਾਗਮ ਵਿਚ ਸਹਿਯੋਗ ਦੇਣ ਦੀ ਅਪੀਲ ਕਰਦਾ ਹੋਇਆ ਉਹਨਾਂ ਨੂੰ ਚਾਹ-ਸਮੋਸਿਆਂ ਦੀਆਂ ਮੇਜ਼ਾਂ ਵਲ ਸੰਕੇਤਦਾ ਹੋਇਆ ਤਾੜੀਆਂ ਦੀ ਗੂੰਜ ਵਿਚ ਸਮਾਪਤ ਹੋ ਗਿਆ।

ਮਿੱਤਰ ਰਾਸ਼ਾ ਦੀਆਂ ਇਕੋ ਸਮੇਂ ਤਿੰਨ ਕਾਵਿ-ਪੁਸਤਕ ਛਪਣ ਉਪਰੰਤ ਹੋਏ ਇਸ ਸਮਾਗਮ ਦਾ ਦੂਸਰਾ ਅੱਧ ਕਵੀ ਦਰਬਾਰ ਸੀ, ਜਿਸਦੀ ਸਟੇਜ ਸਕਤਰੀ ਮਹਿੰਦਰ ਭੱਟੀ ਨੇ ਸੰਭਾਲੀ ਹੋਈ ਸੀ। ਚਲੋਟੋ ਇੰਡਸਟਰੀ ਦੇ ਉਪਰਲੇ ਹਾਲ ਵਿਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਪਿਆਰਾ ਸਿੰਘ ਭੋਗਲ,ਸ:ਜੋਧ ਸਿੰਘ,ਡਾ:ਰੋਸ਼ਨ ਲਾਲ ਅਹੂਜਾ ਤੇ ਮੋਹਨ ਸਿੰਘ ਵਫਾ ਨੇ ਕੀਤੀ। ਸਮਾਗਮ ਦੇ ਇਸ ਦੂਸਰੇ ਅੱਧ ਵਿਚ ਹੀ ਪਾਕਿਸਤਾਨ ਦੇ ਜਲਾਵਤਨ ਸ਼ਾਇਰ ਮਾਸੂਦ ਮਨੱਵਰ ਨਾਲ ਵੀ ਜਲੰਧਰ ਦੇ ਸਾਹਿਤਕ ਜਗਤ ਦੀ ਜਾਣ-ਪਛਾਣ ਹੋਈ। ਮਾਸੂਦ ਹੋਰਾਂ ਨੇ ਆਪਣੀਆਂ ਕੁਝ ਨਜ਼ਮਾਂ ਸੁਣਾਈਆਂ ਜਿਸਦੀ ਸਰੋਤਿਆਂ ਨੇ ਵਾਅਵਾ ਵਾਹਵਾ ਦਿੱਤੀ—ਦੋਹਾਂ ਸਮਾਗਮਾਂ ਦੇ ਵਿਚਕਾਰਲੇ ਹਿੱਸੇ 'ਚ ਚਲੇ—ਚਾਹ ਅਤੇ ਬਿਸਕੁਟਾਂ ਤੋਂ ਬਿਨਾਂ ਸਮਾਗਮ ਦੇ ਅੰਤ ਉਤੇ ਮਿੱਤਰ ਰਾਸ਼ਾ ਦੀ ਬਦੇਸ਼ੀ ਕਰੰਸੀ (?) ਦਾ ਅੱਧੀ ਰਾਤ ਤੱਕ ਕੁਝ ਸਾਹਿਤਕਾਰਾਂ ਵਲੋਂ ਭਰਪੂਰ ਲਾਭ ਵੀ ਉਠਾਇਆ ਗਿਆ। ★

## ਸ: ਅਜੀਤ ਸਿੰਘ ਯੂ. ਕੇ.

ਇੰਗਲਿਸ਼ ਅਜੀਤ ਅਨੁਸਾਰ ਇੰਗਲੈਂਡ ਵਿਚ ਨਸਲੀ ਸਦਭਾਵਨਾ ਵਾਸਤੇ ਕੰਮ ਕਰਦੇ ਕਿੰਗਸਟਨ ਗਰੁਪ ਆਫ ਰੇਸ਼ਲ ਅੰਡਰ ਸਟੈਂਡਿੰਗ ਦੇ ਨਵੇਂ ਪ੍ਰਧਾਨ ਸ: ਅਜੀਤ ਸਿੰਘ ਚੁਣੇ ਗਏ ਹਨ। ਉਹਨਾਂ ਸ੍ਰੀਮਤੀ ਔਡਰੇ ਸਮਿਥ ਦੀ ਜਗਹ ਲਈ ਹੈ। ਸ: ਅਜੀਤ ਸਿੰਘ ਚਾਰਟਡ ਟਾਊਨ ਪਲੈਨਰ ਅਤੇ ਆਰਕੀਟੈਕਟ ਹਨ ਅਤੇ ਇਸ ਗਰੁਪ ਦੇ ਬਾਨੀ ਮੈਂਬਰ ਹਨ। ਉਹਨਾਂ ਦਸਿਆ ਕਿ ਪਹਿਲੀ ਮੀਟਿੰਗ ਤੇ ਕੇਵਲ ਉਹ ਹੀ ਸਿੱਖ ਮੈਂਬਰ ਹਾਜ਼ਰ ਸਨ ਪਰ ਹੁਣ ਸਥਾਨਕ ਸਿਖ ਭਾਈਚਾਰੇ ਦੇ ਬਹੁਤ ਸਾਰੇ ਮੈਂਬਰ ਸ਼ਾਮਲ ਹਨ।ਉਨ੍ਹਾਂ ਦਸਿਆ ਕਿ "ਪਹਿਲੀ ਮੀਟਿੰਗ ਵਿਚ ਮੈਂ ਸੋਚਦਾ ਸੀ ਕਿ ਬਾਹਰ ਮੈਂ ਇਕ ਵਾਧੂ ਜਿਹਾ ਵਿਅਕਤੀ ਲਗਾਂਗਾ ਜਿਹੜਾ ਕਿ ਕਿਸੇ ਵੀ ਨਸਲੀ ਵਿਤਕਰੇ, ਪਰੇਸ਼ਾਨੀ, ਬੇਇਜ਼ਤੀ, ਗਾਲੀ ਗਲੋਚ ਅਤੇ ਹਿੰਸਾ ਦਾ ਵੀ ਸਭ ਤੋਂ ਸੌਖਾ ਨਿਸ਼ਾਨਾ ਬਣ ਸਕਦਾ ਹੋਵਾਂਗਾ। ਜਦੋਂ ਮੇਰੀ ਬੋਲਣ ਦੀ ਵਾਰੀ ਆਈ ਤਾਂ ਮੈਂ ਕਿਹਾ ਤੁਹਾਡਾ ਸਾਰਿਆਂ ਦਾ ਮੇਰੀ ਮਦਦ ਲਈ ਆਉਣ ਲਈ ਧਨਵਾਦ। ਉਸ ਤੋਂ ਬਾਅਦ ਹਾਲਤ ਬਦਲੀ ਹੈ। ਕਈ ਵਾਰ ਮਾੜੇ ਪਾਸੇ ਨੂੰ ਅਤੇ ਬਹੁਤ ਵਾਰ ਚੰਗੇ ਨੂੰ। ਅਤੇ ਪਿਛਲੇ ਚਾਰ ਸਾਲਾਂ ਵਿਚ ਅਸਾਂ ਮੈਂਬਰਾਂ ਨੇ ਇਕ ਦੂਜੇ ਨੂੰ ਬਹੁਤ ਪਿਆਰ, ਦੋਸਤੀ ਇਜ਼ਤ ਅਤੇ ਭਰੋਸਾ ਦਿਤਾ ਲਿਆ ਹੈ।"

ਮੀਟਿੰਗ ਵਿਚ ਮੈਂਬਰਾਂ ਨੇ ਇਸ ਗੱਲ ਲਈ ਜ਼ੋਰ ਦਿਤਾ ਕਿ ਬਰਤਾਨੀਆ ਦੇ ਮਾਨਵੀ ਸਮੂਹਾਂ ਦੇ ਵੱਖ ਵੱਖ ਰੀਤੀ ਰਵਾਜਾਂ, ਧਾਰਮਕ ਰਹੁ ਰੀਤਾਂ ਅਤੇ ਆਮ ਪਰੰਪਰਾਵਾਂ ਦਾ ਸਮਾਜੀ ਜੀਵਨ ਵਿਚ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।

ਸ: ਅਜੀਤ ਸਿੰਘ ਸੰਪਾਦਕ ਵਰਿਆਮ ਦੇ ਪੁਰਾਣੇ ਮਿੱਤਰ ਵੀ ਹਨ ਅਤੇ ਆਪਸੀ ਪਰਿਵਾਰਕ ਸਬੰਧ ਵੀ ਹਨ। ਆਪ ਨਾਮਧਾਰੀ ਵਿਦਿਅਕ ਜਥੇ ਦੇ ਮੋਢੀ ਮੈਂਬਰਾਂ ਚੋਂ ਹਨ। ਆਪ ਦੇ ਘਰੋਂ ਬੀਬੀ ਚਰਨਜੀਤ ਕੌਰ ਸ: ਤੀਰਥ ਸਿੰਘ (ਹੰਸਪਾਲ) ਮੁਹਾਲੀ ਵਾਲਿਆਂ ਦੀ ਸਪੁਤਰੀ ਹਨ। ਪੰਜਾਬ ਯੂਨੀਵਰਸਟੀ ਚੋਂ ਇਤਿਹਾਸ ਦੀ ਗੋਲਡ ਮੈਡਲਿਸਟ ਐਮ.ਏ. ਹਨ ਅਤੇ ਇੰਗਲੈਂਡ ਦੇ ਸਮਾਜੀ ਜੀਵਨ ਵਿਚ ਸਰਕਰਦਾ ਰੋਲ ਅਦਾ ਕਰ ਰਹੇ ਹਨ।

ਸ: ਅਜੀਤ ਸਿੰਘ ਜੀ ਨੂੰ ਨਵੀਂ ਪਦਵੀ ਤੇ ਵਧਾਈ ਦਿੰਦੇ ਹੋਏ ਆਪਣੇ ਮਿਸ਼ਨ ਵਿਚ ਸਫਲ ਹੋਣ ਲਈ ਉਹਨਾਂ ਵਾਸਤੇ ਅਰਦਾਸ ਵੀ ਕਰਦੇ ਹਾਂ। —ਜਗਦੀਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com

# ਅਠਾਈਵੀਆਂ ਕੌਮੀ ਸਕੂਲ ਖੇਡਾਂ

—ਰੇਸ਼ਮ—

੨੭ ਤੋਂ ੩੦ ਅਪਰੈਲ ਤਕ ਜਲੰਧਰ ਵਿਚ ੧੯ ਸੂਬਿਆਂ ਤੇ ਕੇਂਦਰ ਸ਼ਾਸਤ ਇਲਾਕਿਆਂ ਦੇ ਇਕ ਹਜ਼ਾਰ ਤੋਂ ਵਧ ਸਕੂਲੀ ਮੁੰਡੇ-ਕੁੜੀਆਂ ਦੇ ਦਮ ਤਾਕਤ ਤੇ ਲਚਕ ਦੀ ਕੜਕਦੀ ਧੁਪ ਵਿਚ ਪਰਖ ਹੋਈ। ਦਮ (ਅਥਲੈਟਿਕਸ) ਵਿਚ ਕੇਰਲਾ, ਤਾਕਤ (ਕੁਸ਼ਤੀ) ਵਿਚ ਪੰਜਾਬ ਤੇ ਲਚਕ (ਜਿਮਨਾਸਟਿਕ) ਵਿਚ ਪਛਮੀ ਬੰਗਾਲ ਅੱਵਲ ਰਿਹਾ।

## ਅਥਲੈਟਿਕਸ

੨੮ਵੀਂ ਕੌਮੀ ਸਕੂਲੀ ਅਥਲੈਟਿਕਸ ਚੈਂਪੀਅਨਸ਼ਿਪ ਰਜਿੰਦਰ ਸ਼ਰਮਾ, ਪੂਰਨ ਸਿੰਘ, ਗੁਰਮੀਤ ਕੌਰ, ਰਣਜੀਤ ਸਿੰਘ, ਸੁਰਜੀਤ ਸਿੰਘ ਤੇ ਜਸਵੀਰ ਸਿੰਘ ਵਰਗੀਆਂ ਪ੍ਰਤਿਭਾਵਾਂ ਨੂੰ ਕੌਮੀ ਚਿਤਰਪਟ ਉਤੇ ਲਿਆਉਣ ਵਜੋਂ ਯਾਦ ਕੀਤੀ ਜਾਏਗੀ। ਜਿਥੇ ਕੇਂਦਰੀ ਵਿਦਿਆਲਿਆ ਸੰਗਠਨ ਨੇ ੧੮ ਸਾਲਾ ਰਜਿੰਦਰ ਸ਼ਰਮਾ, ਜਿਹੜਾ ਕਿ ਜੈਪੁਰ ਵਿਚ ਪੜ੍ਹਦਾ ਹੈ, ਨੇ ਕੜਕਦੀ ਧੁਪ ਵਿਚ ੪੦੦ ਮੀ: ਦੌੜ (੪੯.੫ ਸਕਿੰਟ) ਤੇ ੮੦੦ ਮੀਟਰ ਦੌੜ (ਇਕ ਮਿੰਟ ੧੫.੧ ਸਕਿੰਟ) ਵਿਚ ਨਵੇਂ ਰਿਕਾਰਡ ਕਾਇਮ ਕੀਤੇ ਤੇ ੨੦੦ ਮੀਟਰ ਦਾ ੨੨.੩ ਸਕਿੰਟ ਦਾ ਰਿਕਾਰਡ ਬਰਾਬਰ ਕੀਤਾ, ਉਥੇ ਅੰਮ੍ਰਿਤਸਰ ਦੀ ੧੩ ਸਾਲਾ ਗੁਰਮੀਤ ਕੌਰ ਨੇ ੩੬.੪੦ ਮੀਟਰ ਡਿਸਕਸ ਤੇ ੧੦.੮੧ ਮੀਟਰ ਗੋਲਾ ਸੁਟਕੇ ਦੋ ਨਵੇਂ ਰਿਕਾਰਡ ਬਣਾਏ। ਇਹਨਾਂ ਤੋਂ ਇਲਾਵਾ ਪੂਰਨ ਸਿੰਘ ਨੇ ੧.੯੮ ਮੀਟਰ ਦਾ ਕੌਮੀ ਰਿਕਾਰਡ ਛੂਹਣ ਦੀ ਕੋਸ਼ਿਸ਼ ਵਿਚ ਆਪਣੇ ੧.੮੫ ਮੀਟਰ ਦੇ ਰਿਕਾਰਡ ਨੂੰ ੧.੯੦ ਮੀਟਰ ਤਕ ਸੁਧਾਰਕੇ ਸੋਨ ਤਮਗਾ ਜਿਤਿਆ। ਯੂ. ਪੀ. ਦੇ ਜਸਵੀਰ ਸਿੰਘ ਨੇ ੧੫੦੦ ਤੇ ੩ ਹਜ਼ਾਰ ਮੀਟਰ ਜਿਤਕੇ ਦਮ ਦੀ ਪਕਿਆਈ ਦਾ ਸਬੂਤ ਦਿਤਾ. ਡਿਸਕਸ ਤੇ ਗੋਲੇ ਵਿਚ ਪੰਜਾਬ ਲਈ ਸੋਨ ਤਮਗਾ ਜਿਤਣ ਵਾਲਾ ਜ਼ਿਲ੍ਹਾ ਅੰਮ੍ਰਿਤਸਰ ਦਾ ਰਣਜੀਤ ਸਿੰਘ ਪੁਰਾਣੇ ਰਿਕਾਰਡਾਂ ਤਕ ਨਹੀਂ ਪਹੁੰਚਿਆ ਪਰ ਉਸ ਦੀ ਜਿੰਨੀ ਸਿਹਤ ਹੈ ਜੇ ਓਨੀ ਟਰੇਨਿੰਗ ਮਿਲੇ ਤਾਂ ਇਹ ਸ਼ਰਤ ਲਾਈ ਜਾ ਸਕਦੀ ਹੈ ਕਿ ਉਹ 'ਬਹਾਦਰ ਸਿੰਘ' ਬਣ ਸਕਦਾ ਹੈ। ਟਾਂਡੇ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਨਿੱਕੇ ਸੁਰਜੀਤ ਸਿੰਘ ਨੇ ੧੩.੩੦ ਮੀਟਰ (ਕੌਮੀ ਰਿਕਾਰਡ ੧੩.੫੭ ਮੀਟਰ) ਗੋਲਾ ਸੁਟਕੇ ਚੰਗੇ ਭਵਿਖੀ ਗੋਲਾ-ਸੁਟਾਵੇ ਦੀ ਪਛਾਣ ਕਰਾਈ ਹੈ। ਦੂਜੇ ਸੂਬਿਆਂ ਦੇ ਐਥਲੀਟਾਂ ਚੰਗੇ ਨਿੱਜੀ ਪ੍ਰਦਰਸ਼ਨਾਂ ਦੇ ਬਾਵਜੂਦ ਕੇਰਲਾ ਵਲੋਂ ੧੦੯ ਅੰਕਾਂ ਨਾਲ ਚੈਂਪੀਅਨਸ਼ਿਪ ਜਿਤਣਾ ਉਥੇ ਐਥਲੈਟਿਕਸ ਤੇ ਐਥਲੀਟਾਂ ਦੇ ਸਮੂਹਕ ਵਿਕਾਸ ਨੂੰ ਉਘਾੜਦਾ ਹੈ.

## ਕੁਸ਼ਤੀ

੩੦ ਅਪਰੈਲ ਪੰਜਾਬ ਦੇ ਸਕੂਲੀ ਬੱਚਿਆਂ ਲਈ ਖੇੜਿਆਂ ਭਰਿਆ ਦਿਨ ਸੀ ਜਦੋਂ ਉਹਨਾਂ ਕੁਸ਼ਤੀ 'ਚ ੧੩ ਸਾਲਾਂ ਬਾਅਦ ਆਪਣੀ ਸਰਦਾਰੀ ਬਹਾਲ ਕੀਤੀ। ਪੰਜਾਬ ਨੇ ੨੩ ਅੰਕ ਹਾਸਲ ਕਰਕੇ ਪਿਛਲੇ ਚੈਂਪੀਅਨ ਯੂ.ਪੀ. ਨੂੰ ਦੂਜੇ ਸਥਾਨ (੨੧ ਅੰਕ) ਤੇ ਧਕ ਦਿਤਾ। ਰਾਜਸਥਾਨ ਤੀਜੇ ਸਥਾਨ 'ਤੇ ਰਿਹਾ। ਕੁਸ਼ਤੀਆਂ ਵਿਚ ਦਿਲਚਸਪ ਗਲ ਇਹ ਰਹੀ ਕਿ ਜਿਥੇ ਯੂ. ਪੀ. ਦੇ ਵੱਡੇ ਪਹਿਲਵਾਨ ਛਾਏ ਰਹੇ ਉਥੇ ਪੰਜਾਬ ਦੇ ਨਿਕਿਆਂ ਨੇ ਬਹਿਜਾ ਬਹਿਜਾ ਕਰਾਈ। ਪੰਜਾਬ ਦੇ ਗੁਰਮੀਤ ਸਿੰਘ (੪੮ ਕਿਲੋ), ਜਗਦੀਪ ਸਿੰਘ (੫੨ ਕਿਲੋ) ਤੇ ਹੀਰਾ ਸਿੰਘ (੬੦ ਕਿਲੋ) ਨੇ ਸੋਨ ਤਮਗੇ ਜਿਤੇ। ਯੂ. ਪੀ. ਦੇ ਰਾਮ ਪ੍ਰਸਾਦ (੬੫ ਕਿਲੋ), ਰਣਵੀਰ ਸਿੰਘ (੭੫ ਕਿਲੋ), ਤੇ ਸੁਭਾਸ਼ (੮੧ ਕਿਲੋ) ਨੇ ਸੋਨ ਤਮਗੇ ਜਿੱਤੇ।

## ਜਿਮਨਾਸਟਿਕ

ਜਿਮਨਾਸਟਿਕ ਦਾ ਮੈਦਾਨ ਹੀ ਸੀ ਜਿਥੇ ਆਮ ਦਰਸ਼ਕ ਕਾਫੀ ਗਿਣਤੀ ਵਿਚ ਨਜ਼ਰ ਆਏ। ਉਨ੍ਹਾਂ ਕੜਕਦੀ ਧੁਪ ਵਿਚ ਸ਼ਰੀਰਕ-ਕਲਾਵਾਂ ਦਾ ਪ੍ਰਦਰਸ਼ਨ ਕਰਦੇ ਮੁੰਡੇ ਕੁੜੀਆਂ ਦੇ ਮੁਕਾਬਲਿਆਂ ਨੂੰ ਧੁਰ ਤਕ ਦੇਖਿਆ। ਪਛਮੀ ਬੰਗਾਲ ਤੇ ਪੰਜਾਬ ਵਿਚਾਲੇ ਫਸਵਾਂ ਮੁਕਾਬਲਾ ਹੋਇਆ ਪਰ ੩ ਤੇ ੧ ਅੰਕਾਂ ਦੇ ਫਰਕ ਨਾਲ ਪਛਮੀ ਬੰਗਾਲ ਕ੍ਰਮਵਾਰ ਮੁੰਡਿਆਂ ਤੇ ਕੁੜੀਆਂ ਦੀ ਚੈਂਪੀਅਨਸ਼ਿਪ ਜਿਤ ਗਿਆ ਉਸ ਦੀ ਮੁੰਡਿਆਂ ਦੀ ਟੀਮ ਨੇ ੪੨੮.੮੩ ਅੰਕ ਬਣਾਏ। ਪੰਜਾਬ ਨੇ ੪੨੫.੯੧ ਅੰਕ ਤੇ ਤੀਜੇ ਸਥਾਨ 'ਤੇ ਰਹਿਣ



Sri Satguru Jagjit Singh Ji Elibrary NamdhariElibrary@gmail.com

ਵਾਲੇ ਤ੍ਰੀਪੁਰਾ ਨੇ ੪੦੬.੩੨ ਅੰਕ। ਬੰਗਾਲ ਦੀਆਂ ਕੁੜੀਆਂ ਦੀ ਟੀਮ ਨੇ ੨੫੮.੩੨ ਅੰਕ ਬਣਾਏ। ਪੰਜਾਬ ਨੇ ੨੫੭.੯੪ ਅੰਕ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਹਰਿਆਣਾ ਨੇ ੨੪੫.੧੬ ਅੰਕ।

ਵਿਅਕਤੀਗਤ ਮੁਕਾਬਲੇ ਦੇ ਪਖੋਂ ਪਛਮੀ ਬੰਗਾਲ ਦਾ ਪ੍ਰਦੀਪ ਸਾਹਾ, ਜਿਹੜਾ ਪਿਛਲੀ ਚੈਂਪੀਅਨਸ਼ਿਪ ਵਿਚ ਦੂਜੇ ਸਥਾਨ 'ਤੇ ਰਿਹਾ ਸੀ, ਸਭ ਤੋਂ ਵਧੀਆ ਜਿਮਨਾਸਟ (੯੭.੧੮ ਅੰਕ) ਐਲਾਨਿਆ ਗਿਆ। ਦੂਜਾ ਨੰਬਰ ਪੰਜਾਬ ਦੇ ਦਵਿੰਦਰ ਸਿੰਘ (੮੯.੨੦) ਤੇ ਤੀਜਾ ਪੱਛਮੀ ਬੰਗਾਲ ਦੇ ਹੀ ਸ਼ਿਵ ਰਾਮ ਸਾਂਤਰਾ (੮੬.੩੪) ਦਾ ਰਿਹਾ।

ਕੁੜੀਆਂ ਵਿਚ ਪੰਜਾਬ ਦੀ ਭੁਪਿੰਦਰ ਕੌਰ ੫੮.੩੨ ਅੰਕਾਂ ਨਾਲ ਸਭ ਤੋਂ ਵਧੀਆ ਜਿਮਨਾਸਟ ਬਣੀ। ਪੰਜਾਬ ਦੀ ਹੀ ਨੀਰੂ (੫੭.੪੫) ਦੂਜੇ ਤੇ ਹਰਿਆਣਾ ਦੀ ਨਿਰਮਲਾ ਗੁਲੀਆ (੫੭.੧੬) ਤੀਜੇ ਨੰਬਰ ਤੇ ਆਈ।

ਅਸਾਮ ਵਿਚ ਗੜਬੜ ਕਾਰਨ ਸਰਦੀਆਂ ਦੇ ਇਹ ਮੁਕਾਬਲੇ ਪੰਜਾਬ ਵਿਚ ਵੈਸਾਖ ਦੇ ਮਹੀਨੇ ਕਰਾਉਣੇ ਪਏ। ੨੦੦, ੪੦੦ ਤੇ ੮੦੦ ਮੀਟਰ ਦੇ ਨਵੇਂ ਰਿਕਾਰਡ ਕਾਇਮ ਕਰਨ ਵਾਲੇ ਰਜਿੰਦਰ ਸ਼ਰਮਾ ਨੇ ਦਸਿਆ ਕਿ ਸਰਦੀਆਂ ਵਿਚ ਉਹ ਇਹ ਦੌੜਾਂ ਹੋਰ ਘਟ ਸਮੇਂ ਵਿਚ ਦੌੜ ਲੈਂਦਾ ਹੈ।

ਪੰਜਾਬੀਆਂ 'ਚ ਮੁਕਾਬਲੇ ਦੇਖਣ ਦੀ ਵਧਦੀ ਬੇਮੁਖੀ ਚਿੰਤਾਜਨਤਕ ਹਾਲਤ ਤਕ ਪਹੁੰਚ ਗਈ ਹੈ। ਗੁਰੂ ਗੋਬਿੰਦ ਸਿੰਘ ਸਟੇਡੀਅਮ, ਜਿਥੇ ਅਥਲੈਟਿਕਸ ਮੁਕਾਬਲੇ ਹੋ ਰਹੇ ਸੀ, ਵਿਚ ਅਧਿਕਾਰੀਆਂ ਤੇ ਮੁਕਾਬਲਾਕਾਰੀਆਂ ਤੋਂ ਛੁਟ ਹੋਰ ਕੋਈ ਨਜ਼ਰ ਨਹੀਂ ਆਉਂਦਾ ਸੀ। ਪਹਿਲੇ ਦਿਨ ਵੀ ਕੇਵਲ ਉਦਘਾਟਨੀ ਸਮਾਰੋਹ ਕਾਰਨ ਹੀ ਕੁਝ ਸਕੂਲੀ ਬੱਚੇ ਆਏ ਸਨ। ਇਸ ਰੁਝਾਨ ਨੂੰ ਰੋਕਣ ਲਈ ਸਰਕਾਰ ਤੇ ਖੇਡ ਪ੍ਰਸ਼ੰਸਕਾਂ ਨੂੰ ਗੰਭੀਰਤਾ ਨਾਲ ਸੋਚਣਾ ਪਏਗਾ। ★

## ਵਰਿਆਮ ਨੂੰ ਸਹਾਇਤਾ

ਵਰਿਆਮ ਦੇ ਪਰਮ ਹਿਤੂ ਸੂਬਾ ਹਰਬੰਸ ਸਿੰਘ ਦੋਸ਼ੀ(ਲਖਨਊ) ਜੀ ਨੇ ਇਕ ਸੌ ਰੁਪਏ ਦੀ ਸਹਾਇਤਾ ਵਰਿਆਮ ਨੂੰ ਭੇਜੀ ਹੈ। ਇਹ ਮਾਇਆ ਆਪ ਜੀ ਦੇ ਸਪੁਤਰ ਸ: ਬਲਵਿੰਦਰ ਜੀ ਦੇ ਘਰ ਭੁਝੰਗੀ ਹੋਣ ਦੀ ਖੁਸ਼ੀ ਵਿਚ ਹੈ। ਵਰਿਆਮ ਵਲੋਂ ਬਹੁਤ ਬਹੁਤ ਵਧਾਈਆਂ।

## ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਦੀ ਨਵੀਂ ਸ਼ਾਖ

ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਸ੍ਰੀ ਜੀਵਨ ਨਗਰ(ਸਰਸਾ) ਇਲਾਕੇ ਦਾ ਪ੍ਰਮੁਖ ਵਿਦਿਕ ਅਦਾਰਾ ਹੈ ਅਤੇ ਇਸ ਵਿਦਿਆਲੇ ਦਾ ਨਾਮ ਖੇਡ ਜਗਤ ਵਿਚ ਵਿਸ਼ੇਸ਼ ਕਰਕੇ ਹਾਕੀ ਟੀਮ ਕਾਰਨ ਭਾਰਤ ਪ੍ਰਸਿੱਧ ਹੈ।

ਇਸ ਵਿਦਿਅਕ ਅਦਾਰੇ ਨੂੰ ਹੋਰ ਵਿਕਸਿਤ ਰੂਪ ਦੇਣ ਵਾਸਤੇ ਪਿੰਡ ਅਮਰਤਸਰ ਵਿਚ ਇਸ ਦੀ ਨਵੀਂ ਸ਼ਾਖਾ ਸਥਾਪਤ ਕੀਤੀ ਗਈ ਹੈ ਜਿਸਦਾ ਉਦਘਾਟਨ ਮਿਤੀ ੧੧ ਅਪਰੈਲ ੧੯੮੩ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਪਾਵਣ ਹਸਤ ਕਮਲਾਂ ਦੁਆਰਾ ਹੋਇਆ। ਇਸ ਅਵਸਰ ਤੇ ਇਲਾਕੇ ਦੀਆਂ ਸੰਗਤਾਂ ਦੀ ਭਰਵੀਂ ਹਾਜ਼ਰੀ ਸੀ।

ਨਵੀਂ ਸ਼ਾਖ ਦੇ ਸੰਚਾਲਕ ਮਾਸਟਰ ਅਮਰੀਕ ਸਿੰਘ ਜੀ ਇਕ ਅਨੁਭੂਤੀਸ਼ੀਲ, ਸਿਰੜੀ, ਕੋਮਲ ਭਾਵੀ ਸਮਾਜ ਸੇਵਾ ਦੀ ਲਿਲ੍ਹ ਰਖਣ ਵਾਲੇ ਮਸ਼ਹੂਰ ਵਿਅਕਤੀ ਹਨ ਅਤੇ ਵਿਦਿਅਕ ਖੇਤਰ ਵਿਚ ਉਹਨਾਂ ਦਾ ਸਫਲ ਤਜਰਬਾ ਹੈ। ਬਚਿਆਂ ਦੀ ਪੜ੍ਹਾਈ ਨੂੰ ਉਹ ਧਰਮ ਦਾ ਅੰਗ ਮੰਨਦੇ ਹਨ ਅਤੇ ਇਸ ਸਕੂਲ ਦੀ ਸਥਾਪਨਾ ਨਾਲ ਉਹਨਾਂ ਦਾ ਸੁਪਨਾ ਸਾਕਾਰ ਹੋਇਆ ਹੈ।

ਸ੍ਰੀ ਜੀਵਨ ਨਗਰ ਤੋਂ ਐਲਨਾਬਾਦ ਜਾਂਦੀ ਸੜਕ ਤੇ ਘਗਰ ਦਰਿਆ ਪਾਰ ਕਰਕੇ ਪਿੰਡ ਅਮਰਤਸਰ ਅਤੇ ਰਾਮਪੁਰ ਵਿਚਕਾਰ ਇਹ ਸਕੂਲ ਸਥਿਤ ਹੋਣ ਕਰਕੇ ਲਾਗੇ ਦੇ ਪਿੰਡਾਂ ਦੇ ਵਿਦਿਆਰਥੀਆਂ ਵਾਸਤੇ ਬਹੁਤਲਾਭਕਾਰੀ ਹੋਵੇਗਾ।

ਉਦਘਾਟਨੀ ਸਮਾਗਮ ਤੇ ਜਿਥੇ ਸਤਿਗੁਰੂ ਜੀ ਨੇ ਅਪਣੀ ਪਵਨ ਹਾਜ਼ਰੀ ਨਾਲ ਨਵੇਂ ਸਕੂਲ ਨੂੰ ਆਸ਼ੀਰਵਾਦ ਪ੍ਰਦਾਨ ਕੀਤੀ ਉਥੇ ਪੰਜ ਹਜ਼ਾਰ ਰੁਪਏ ਦੀ ਬਖਸ਼ਿਸ ਨਾਲ ਨਵੇਂ ਸਕੂਲ ਦੀ ਆਰਥਕ ਸਮਸਿਆ ਨੂੰ ਹਲ ਕਰਨ ਦਾ ਵੀ ਮੁਢ ਬੰਨ੍ਹ ਦਿਤਾ। ਗੁਰੂ ਘਰ ਦੇ ਅਨਿਨ ਪ੍ਰੇਮੀ ਸੰਤ ਤਰਲੋਕ ਸਿੰਘ ਜੀ ਐਲਨਾਬਾਦ ਵਾਲਿਆਂ ਨੇ ਇਕ ਹਜ਼ਾਰ ਇਕੀ ਰੁਪਏ ਨਕਦ ਅਤੇ ਅਠਾਰਾਂ ਗਾਰਡਰ ਸਕੂਲ ਇਮਾਰਤ ਵਾਸਤੇ ਦਿਤੇ।

ਇਸ ਇਲਾਕੇ ਵਿਚ ਡਿਗਰੀ ਕਾਲਜ ਸਥਾਪਤ ਕਰਨ ਦੀਆਂ ਤਿਆਰੀਆਂ ਵੀ ਜੋਬਨ ਤੇ ਹਨ। ★



Sri Satguru Jagjit Singh Ji Elibrary NamdhariElibrary@gmail.com

# ਸ੍ਰ: ਮਹਿੰਦਰ ਸਿੰਘ ਸਾਥੀ ਤੇ ਹੰਸਪਾਲ ਐਮ. ਪੀ. ਦਾ ਸਵਾਗਤ




ਦਿਲੀ ਦੇ ਮੇਅਰ ਸ੍ਰ. ਮਹਿੰਦਰ ਸਿੰਘ ਸਾਥੀ ਦਾ ਦਿਲੀ ਦਾ ਮੇਅਰ ਬਣਨ ਉਤੇ ਹੋਟਲ ਕਨਿਸ਼ਕਾ, ਅਸ਼ੋਕਰੋਡ, ਨਵੀਂ ਦਿਲੀ, ਵਿਚ ਰਾਮਗੜ੍ਹੀਆ ਫੈਡਰੇਸ਼ਨ ਦਿਲੀ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਉਤੇ ਦੋ ਹੋਤ ਵਿਸ਼ੇਸ਼ ਪਰਾਹੁਣੇ ਸ੍ਰ. ਹਰਵਿੰਦਰ ਸਿੰਘ ਹੰਸਪਾਲ ਮੈਂਬਰ ਰਾਜ ਸਭਾ, ਅਤੇ ਸਰਦਾਰ ਸੁਲੱਖਣ ਸਿੰਘ ਮੈਂਬਰ ਮੈਟਰੋ-ਪਾਲਿਟਿਨ ਕੌਂਸਲ ਦਿਲੀ, ਦਾ ਵੀ ਹਾਰਦਿਕ ਸਵਾਗਤ ਕੀਤਾ ਗਿਆ। ਤਸਵੀਰ ਸਿੰਘ ਫੈਡਰੇਸ਼ਨ ਦੇ ਜਨਰਲ ਸਕੱਤਰ ਸੰਤ ਕਰਤਾਰ ਸਿੰਘ ਜੀ, ਸ੍ਰ. ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਨੂੰ ਫੁਲਾਂ ਦੇ ਹਾਰ ਪਾ ਕੇ ਜੀ ਆਇਆ ਕਹਿੰਦੇ ਹੋਏ। ਸ੍ਰ. ਹਰਬੰਸ ਸਿੰਘ ਸੰਗਤਪੁਰੀ, ਸ੍ਰ: ਪ੍ਰੀਤਮ ਸਿੰਘ ਬਰਮੀ, ਸ੍ਰ: ਮਹਿੰਦਰ ਸਿੰਘ ਸਾਥੀ, ਮੇਅਰ ਸ੍ਰ: ਰੇਸ਼ਮ ਸਿੰਘ ਮਥਾਰੂ, ਸ੍ਰ: ਸੁਲੱਖਣ ਸਿੰਘ, ਤੇ ਸ੍ਰ: ਕਰਤਾਰ ਸਿੰਘ ਪੱਥਰਾਂ ਵਾਲਾ ਦਿਖਾਈ ਦੇ ਰਹੇ ਹਨ।


## ਮੌਨ ਅਵਸਥਾ ਦੇ ਸੰਵਾਦ

ਬਖਸ਼ਿੰਦਰ ਦੀਆਂ ਨਜ਼ਮਾਂ, ਗ਼ਜ਼ਲਾਂ ਤੇ ਗੀਤ

ਆਸਥਾ ਪ੍ਰਕਾਸ਼ਨ ਨਕੋਦਰ





Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER — Phone : 3805

## MODERN GUN WORKS

**Opp. Industrial Estate,**

JAMMU CANTT.

---

With best compliments from :-

## *NAMDHARI BROTHERS*

Prop. S AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE P. S. G. ELECTRIC MOORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

---

**WITH BEST COMPLIMENTS FROM :**

## *New Namdhari Cloth House*

WHOLE SALE CLOTH DEALERS

*Main Bazar, DALTONGANJ (Bihar)*

ਆਂ ...
ਰਡਰ ਸਕੂ...
...ਜਰੀ ਕਾਲਜ ਸਥਾਪਤ ਕਰਨ...
...ਬਨ ਤੇ ਹਨ।



Sri Satguru Jagjit Singh Ji Elibrary NamdhariElibrary@gmail.com



Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS





QUALITY MARKED

DEPARTMENT OF AGRICULTURE PUNJAB GOVT.
QUALITY
MARK

ਕੁਆਲਟੀ ਮਾਰਕਡ



## ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2137

# *HABI INDUSTRIES (Regd.)*

10, Industrial Area,
PHAGWARA—144401.




Sri Satguru Jagjit Singh Ji Elibrary NamdhariElibrary@gmail.com

# ਗਾਇਕ-ਮੂਰਤੀਕਾਰ, ਅਮਰੀਕ ਸਿੰਘ ਨਾਮਧਾਰੀ

ਤਰਨ ਸਿੰਘ ਤਰੁਣ

ਕਲਾ ਰੱਬੀ ਦਾਤ ਹੈ। ਜਦੋਂ ਰੱਬ ਦੀ ਮੇਹਰ ਹੋ ਜਾਵੇ ਕਲਾ ਬਦੋ-ਬਦੀ ਮਨੁਖ ਨੂੰ ਆਪਣੇ ਵਲ ਆਕਰਸ਼ਤ ਕਰਣ ਲੱਗ ਪੈਂਦੀ ਹੈ। ਇਸਤੇ ਮਾਹੌਲ, ਧਨ-ਦੌਲਤ ਅਤੇ ਉਮਰ ਆਦਿ ਦੀ ਕੋਈ ਬੰਦਿਸ਼ ਨਹੀਂ ਹੁੰਦੀ ਹੈ। ਆਮ ਤੌਰ ਬਚਪਨ ਤੋਂ ਹੀ ਕਲਾ ਦਾ ਪ੍ਰਭਾਵ ਵੇਖਿਆ ਜਾਂਦਾ ਹੈ। ਅਤੇ ਉਸਤੋਂ ਬਾਦ ਆਪਣੀ ਮੇਹਨਤ ਦਾ ਸਕਦਾਂ ਉਹ ਕਲਾ ਦੀਆਂ ਅਨੰਤ ਉਚਾਈਆਂ ਤਕ ਪੁਜਣ ਦੀ ਕੋਸ਼ਿਸ਼ ਵਿਚ ਲਗ ਜਾਂਦਾ ਹੈ। ਭਾਵੇਂ ਕਈ ਵਾਰੀ ਰੱਬ ਦੀ ਬਖਸ਼ਿਸ਼ ਕੁਝ ਦੇਰ ਨਾਲ ਵੀ ਹੁੰਦੀ ਹੈ ਕਲਾਕਾਰ ਦੀ ਕਲਾ ਦੀ ਉਤਮਤਾ ਲਈ ਉਮਰ ਕੋਈ ਅਰਥ ਨਹੀਂ ਹੈ। ਅਮਰੀਕ ਸਿੰਘ ਨੇ ੪੫ ਸਾਲਾਂ ਦੀ ਉਮਰ ਵਿਚ ਮੂਰਤੀ ਕਲਾ ਦੇ ਖੇਤਰ ਵਿਚ ਜਿਹੜੀ ਸਫਲਤਾ ਹਾਸਿਲ ਕੀਤੀ ਹੈ. ਉਹ ਵਰਨਣਯੋਗ ਹੈ।

ਜਵਾਨੀ ਦੀ ਦਹਿਲੀਜ਼ ਤੇ ਪੈਰ ਰਖਦਿਆਂ ਹੀ ਸੰਗੀਤ ਨੇ ਆਪਣੇ ਵੱਲ ਆਕਰਸ਼ਤ ਕੀਤਾ। ਖਰਾਦ ਦੀ ਖਰੜ-ਖਰੜ ਦੇ ਵਿਚ ਵੀ ਤਾਨਾਂ ਫੁਰਦੀਆਂ ਹੀ ਰਹਿੰਦੀਆਂ। ਕਈ ਵਾਰੀ ਤਾਂ ਤਾਨ ਵਿਚ ਏਨੇ ਗਵਾਚ ਜਾਂਦੇ ਕਿ ਚਾਲ ਤੇ ਲਗੀ ਖਰਾਦ ਦਾ ਟੂਲ ਹਟਾਨਾ ਹੀ ਭੁਲ ਜਾਂਦੇ। ਫੇਰ ਡਰਾਈਵਰਾਂ ਅਤੇ ਮਿਸਤ੍ਰੀਆਂ ਨਾਲ ਮੁਲ-ਭਾ ਕਰਨਾ। ਵਿਚ ਕਦੀ ਇਕ ਅੱਧਾ "ਅਤਿਸ਼ੋਕਤੀ ਅਲੰਕਾਰ"। ਕਈ ਮੇਰੇ ਵਰਗੇ ਤਾਂ 'ਭਾਜੀ' (ਅਮਰੀਕ ਸਿੰਘ) ਦੇ "ਅਲੰਕਰਿਤ ਡਾਇਲਾਗ" ਸੁਨਣ ਵਾਸਤੇ ਹੀ ਆਉਂਦੇ ਹਨ।

ਅਜ ਤੋਂ ੫-੬ ਵਰ੍ਹੇ ਪਹਿਲਾਂ ਪ੍ਰਸਿਦ ਮੂਰਤੀਕਾਰ ਸ੍ਰੀ ਵੀ. ਆਰ. ਖਜੂਰੀਆ ਦੀ ਪ੍ਰੇਰਣਾ ਸਦਕਾ ਇਹਨਾਂ ਮੂਰਤੀ ਕਲਾ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਇਹਨਾਂ ਮੂਰਤੀ ਕਲਾ ਵਿਚ ਮਾਡਰਨ ਆਰਟ ਨੂੰ ਅਪਣਾਇਆ। ੫-੬ ਵਰ੍ਹਿਆਂ ਦੇ ਥੋੜੇ ਜਿਹੇ ਸਮੇਂ ਵਿਚ ਜਿਹੜੀ ਸਫਲਤਾ ਸ੍ਰ. ਅਮਰੀਕ ਸਿੰਘ ਨੇ ਹਾਸਿਲ ਕੀਤੀ ਹੈ, ਉਹ ਸਲਾਹੁਣਯੋਗ ਹੈ। ਸ੍ਰ. ਅਮਰੀਕ ਸਿੰਘ ਕਈ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਇਨਾਮ ਹਾਸਿਲ ਕਰ ਚੁਕੇ ਹਨ। ਪਿਛਲੇ ਦਿਨੀਂ ਬੰਬਈ ਵਿਚ ਇਕ ਨੁਮਾਇਸ਼ ਦਾ ਆਯੋਜਨ ਕੀਤਾ ਸੀ। ਜਿਸ ਵਿਚ ਜਬਰਦਸਤ ਸਫਲਤਾ ਮਿਲੀ ਹੈ।

ਸ੍ਰ. ਅਮਰੀਕ ਸਿੰਘ ਹਿੰਦੂ-ਸਿੱਖ ਭਾਈਚਾਰੇ ਦਾ ਕੱਟਰ ਹਾਮੀ ਹੈ। ਇਹਨਾਂ ਦੇ ਵਿਚਾਰਾ ਦਾ ਪ੍ਰਤੱਖ ਨਮੂਨਾ ਇਹਨਾਂ ਦੀਆਂ ਕਲਾ ਕ੍ਰਿਤੀਆਂ ਵਿਚ ਵੇਖਣ ਨੂੰ ਮਿਲਦਾ ਹੈ। ਇਹਨਾਂ ਦਾ ਮੁਖ ਵਿਸ਼ਾ ਹਿੰਦੂ ਸਿੱਖ ਏਕਤਾ ਹੀ ਹੁੰਦਾ ਹੈ। ਹਿੰਦੂਆਂ ਅਤੇ ਸਿੱਖਾਂ ਦੇ ਪ੍ਰਤੀਕ ਸਿੰਬਲ ਓਮ ਅਤੇ "੧ਓ" ਨੂੰ ਏਨੇ ਸੋਹਣੇ ਢੰਗ ਨਾਲ ਪੱਥਰ ਅਤੇ ਲਕੜੀ ਉਤੇ ਘੜਦੇ ਹਨ, ਉਹਨੂੰ ਵੇਖਣ ਤੇ ਬਿਲਕੁਲ ਇੰਝ ਲਗਦਾ ਹੈ ਜਿਵੇਂ ਦੋਨੋਂ ਗਲਵਕੜੀ ਪਾਈ ਖੜੇ ਹੋਣ। ਅਤੇ ਫੇਰ ਉਹਨਾਂ ਨੂੰ ਇਕ-ਦੂਜੇ ਤੋਂ ਨਿਖੇੜਨਾ ਇਕ ਦੱਮ ਨਾਮੁਮਕਿਨ ਹੋ ਜਾਂਦਾ ਹੈ॥

ਆਮ ਤੌਰ ਤੇ ਲੋਕਾਂ ਵਿਚ ਇਹ ਧਾਰਨਾ ਪਾਈ ਜਾਂਦੀ ਹੈ ਕਿ ਮਾਡਰਨ ਆਰਟ ਇਕ ਅਣਬੁਝ ਬੁਝਾਰਤ ਹੈ। ਪਰ ਸ੍ਰ. ਅਮਰੀਕ ਸਿੰਘ ਦੀ ਕਲਾ ਨੂੰ ਕੋਈ ਸਧਾਰਨ ਆਦਮੀ ਵੀ ਥੋੜਾ ਜਿੰਨਾ ਜ਼ੋਰ ਲਾਉਣ ਤੇ ਅਸਾਨੀ ਨਾਲ ਸਮਝ ਸਕਦਾ ਹੈ, ਕਿ ਕਲਾਕਾਰ ਆਪਣੀ ਕਲਾ ਰਾਹੀਂ ਕੀ ਕਹਿਣਾ ਚਾਹੁੰਦਾ ਹੈ। ਕਿਉਂਕਿ ਮਾਡਰਨ ਆਰਟ ਦਾ ਇਕ-ਇਕ ਨਮੂਨਾ ਆਪਣੇ ਆਪ ਵਿਚ ਇਕ ਕਹਾਣੀ ਹੁੰਦਾ ਹੈ।

ਅਜ ਜਦੋਂ ਕਿ ਪੂਰਾ ਸਮਾਜ ਸੰਪ੍ਰਦਾਇਕਤਾ ਦੇ ਪਿਸ਼ਾਚ ਦੀ ਗਰਿਫ਼ਤ ਵਿਚ ਫਸਿਆ ਹੋਇਆ ਹੈ। ਇਹ ੫੦ ਸਾਲਾ ਗਾਇਕ-ਮੂਰਤੀਕਾਰ ਆਪਣੀ ਕਲਾ ਰਾਹੀਂ ਅਨ ਤੋੜਵੀਂ ਲੋਅ ਵਿਚ ਇਕੋ ਸਾਹੇ, ਲਗਾਤਾਰ ਧਰਮ ਨਿਰਪਖਤਾ ਅਤੇ ਭਾਈਚਾਰੇ ਦਾ ਸੰਦੇਸ਼ ਦੇਈ ਜਾ ਰਹਿਆ ਹੈ।

੨੪-੭-੮੩



Sri Satguru Jagjit Singh Ji Elibrary NamdhariElibrary@gmail.com

ਸਿਲਸਿਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਅਪਰੈਲ ੧੯੮੩ ਅੰਕ ਵੇਖੋ)

੧੦ ਮਾਰਚ ੧੯੭੮ ਸੋਮਵਾਰ
ਸ੍ਰੀ ਭੈਣੀ ਸਾਹਿਬ

੧੮ ਅਤੇ ੧੯ ਦਾ ਦਿਨ ਪਤਨੀ ਦੇ ਪੇਕੇ ਬਿਤਾਕੇ ਜਾਂ ੧੧ ਵਜੇ ਦੇ ਕਰੀਬ ਸ੍ਰੀ ਭੈਣੀ ਸਾਹਿਬ ਪਹੁੰਚਾ ਤਾਂ ਸਤਿਗੁਰਾਂ ਦੀ "ਪੀਜੋ" ਖੰਭ ਖਿਲਾਰੀ (ਦਰ ਖੋਲ੍ਹੀ) ਖੜੀ ਸੀ। ਦੋਨੋ ਰਥਵਾਹੀਏ ਦੋਹੀਂ ਤਰਫ਼ੀਂ ਖਲੋਤੇ ਸਨ—ਸੰਤ ਗੁਰਮੁਖ ਸਿੰਘ ਡਰਾਈਵਰ ਤੇ ਸ੍ਰ. ਅਵਤਾਰ ਸਿੰਘ ਅਮ੍ਰਿਤਸਰੀ। ਠਾਕਰ ਉਦੇ ਸਿੰਘ ਵੀ ਰਾਤ ਦੇ ਯੂ. ਪੀ. ਵਿਚੋਂ ਆਏ ਹੋਏ ਸਨ, ਉਹਨਾਂ ਨੂੰ ਮਿਲਣ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਨਹਿਰ ਵਾਲੇ ਡੇਰੇ ਤੇ ਜਾਣ ਵਾਲ ਹਨ।

## ਨੈਰੋਬੀ ਦੇ ਮੁਖੀਆਂ ਨਾਲ

ਇਸ ਵਕਤ ਸਤਿਗੁਰੂ ਜੀ ਸਿਮ੍ਰਤੀ ਮੰਦਰ ਵਲ ਗਏ ਹੋਏ ਸਨ। ਮੈਂ ਵੀ ਤੁਰਤ ਉਧਰ ਨੂੰ ਕਦਮ ਪੁੱਟੇ। ਸਤਿਗੁਰੂ ਜੀ ਨੇ ਤੁਰੇ ਆਉਂਦਿਆਂ, ਖਲੋਕੇ, ਮੇਰੀ ਨਮਸਕਾਰ ਪਰਵਾਨ ਕੀਤੀ। "ਵਾਹ ! ਆ ਗਏ !!" ਆਖ ਕੇ ਮੈਨੂੰ ਨਿਵਾਜਿਆ। ਇਸ ਮੌਕੇ ਆਪ ਜੀ ਦੇ ਨਾਲ ਸਨ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਕਿਰਪਾਲ ਸਿੰਘ ਝੱਬਰ। ਜਿਨ੍ਹਾਂ ਨੂੰ ਮਾਣ ਦਿਤਾ ਜਾ ਰਿਹਾ ਸੀ ਨਾਲ ਜਾਕੇ ਉਹ ਸਨ ਸੰਤ ਸਰਵਣ ਸਿੰਘ ਸੋਖੀ ਪ੍ਰਧਾਨ ਨਾਮਧਾਰੀ ਸੰਗਤ ਨੈਰੋਬੀ, ਇਹਨਾਂ ਦੀ ਸੁਪਤਨੀ, ਸੰਤ ਹਰਭਜਨ ਸਿੰਘ ਸੀਰਾ ਸਕਤਰ ਨਾਮਧਾਰੀ ਸੰਗਤ ਨੈਰੋਬੀ, ਗਿਆਨੀ ਤੇਜਾ ਸਿੰਘ ਨੈਰੋਬੀ, ਸ੍ਰ. ਨਿਰਮਲ ਸਿੰਘ, ਸੰਤ ਹਰਵਿੰਦਰ ਸਿੰਘ ਭੁਪਿੰਦਰ ਸਿੰਘ ਹੁਣੇ ਹੁਣੇ ਸਕੂਟਰ ਤੇ ਆਏ ਸਨ।



ਸਤਿਗੁਰੂ ਜਗਜੀਤ ਸਿੰਘ ਜੀ।
ਨਾਲ ਸੰਤ ਤਰਸੇਮ ਸਿੰਘ ਨਿਜੀ ਸਕੱਤਰ ਬੈਠੇ ਹਨ।

## ਸੰਗ੍ਰਹਿਣੀ ਦੂਰ

ਸਰਵਣ ਸਿੰਘ ਸੋਖੀ ਕਹਿ ਰਹੇ ਸਨ : ਸੱਚੇ ਪਾਤਸ਼ਾਹ ਜੀ, ਮੈਨੂੰ ਜਿਹੜੀ ਦਵਾ ਆਪਨੇ, ਸੰਗ੍ਰਹਿਣੀ ਦੀ ਦਿਤੀ ਸੀ, ਉਸਦੀ ਪਹਿਲੀ ਪੁੜੀ ਨਾਲ ਹੀ ਮੇਰਾ ਤਾਂ ਰੋਗ ਦੂਰ ਹੋ ਗਿਆ। ਬਾਕੀ ਪੰਜ ਪੁੜੀਆਂ ਤਾਂ ਆਪ ਜੀ ਆਗਿਆ ਕਾਰਨ ਹੀ ਖਾਧੀਆਂ। ਅਤੇ ਸੋਖੀ ਸਹਿਬ ਨੇ ਕਿਸੇ ਹੋਰ ਦਾ ਦੁਖ ਦੂਰ ਕਰਨ ਲਈ ਉਸੇ ਦਵਾਈ ਦੀ ਯਾਚਨਾ ਕੀਤੀ। ਸਤਿਗੁਰੂ ਜੀ ਨੇ ਆਪਣੇ ਸਕੱਤਰ ਨੂੰ ਹੁਕਮ ਕੀਤਾ ਕਿ ਉਹ ਜਿਥੋਂ ਦਵਾਈ ਲਈ ਸੀ, ਚਿਠੀ ਲਿਖਕੇ ਉਹ ਨੁਸਖਾ ਮੰਗਵਾ ਲਏ। ਨਾਲ ਹੀ ਚੇਤੇ ਵਿਚ ਬੈਠਾਇਆ ਕਿ ਉਨ੍ਹਾਂ ਦੀ ਨਿਜੀ ਨੁਸਖਾ ਕਾਪੀ ਤੇ ਇਹ ਦਵਾਈ ਜ਼ਰੂਰ ਲਿਖੀ ਜਾਵੇ।

ਸਾਬਕਾ ਸੇਵਕ ਬਲਕਾਰ ਸਿੰਘ ਨੇ ਆਕੇ ਬੇਨਤੀ ਕੀਤੀ : ਪਾਠ ਦਾ ਭੋਗ ਵੀ ਤਿਆਰ ਹੈ ਅਤੇ ਕੜਾਹ ਪ੍ਰਸ਼ਾਦ ਵੀ, ਜਿਵੇਂ ਆਪ ਦੀ ਆਗਿਆ ? ਕੋਲੋਂ ਸਕੱਤਰ ਨੇ ਸਲਾਹ ਦਿਤੀ : ਸੱਚੇ ਪਾਤਸ਼ਾਹ, ਕਾਜ ਮੁਕਾ ਹੀ ਜਾਈਏ, ਨਹੀਂ ਤਾਂ ਏਥੇ ਆਉਣ ਲਈ ਸਮਾ ਵੇਰ ਲਗੇਗਾ। ਸਤਿਗੁਰੂ ਜੀ ਨੇ ਪਰਵਾਨਗੀ ਦਿਤੀ।



Sri Satguru Jagjit Singh Ji Elibrary NamdhariElibrary@gmail.com

## ਸੰਤ ਅਜੀਤ ਸਿੰਘ ਮੰਡੀ ਨਮਿਤ ਭੋਗ

ਅਤੇ ਜਦੋਂ ਨੂੰ ਅਸੀਂ ਹਰਿਮੰਦਰ ਵਿਚ ਪੁਜੇ ੧੨.੦੫ ਦੁਪਿਹਰ ਹੋ ਚੁਕੇ ਸਨ। ਏਥੇ ਭੋਗ ਪਾਉਣ ਦੀ ਤਿਆਰੀ ਸੀ।

ਮੋਹਣ-ਬਲਜੀਤ-ਪਿੰਕੀ, ਸ੍ਰ. ਮਹਿੰਦਰ ਸਿੰਘ ਅਮ੍ਰਿਤਸਰੀ ਦਾ ਸਿਖਾਇਆ ਰਾਗ ਮਾਰੂ ਦਾ ਸ਼ਬਦ 'ਮੇਰੇ ਮਨ ਕਰਨ ਸੁਣਿ ਹਰਿਨਾਮ' ੪ ਤਾਲ ਵਿਧ ਗਾਉਣਾ ਸ਼ੁਰੂ ਕੀਤਾ। ਗੁਰਬਾਣੀ ਵਿਚ ਵੀ ਇਹ ਸ਼ਬਦ ਮਾਰੂ ਰਾਗ ਵਿਚ ਹੀ ਸੰਕਲਤ ਹੈ!

ਪੂਰਾ ਪਾਠ :

ਛੋਡਿ ਸਗਲ ਸਿਆਣਪਾ, ਮਿਲਿ ਸਾਧ, ਤਿਆਗਿ ਗੁਮਾਨੁ।
ਅਵਰੁ ਸਭੁ ਕਿਛੁ ਮਿਥਿਆ, ਰਸਨਾ! ਰਾਮ ਰਾਮ ਵਖਾਨੁ।੧।
ਮੇਰੇ ਮਨ! ਕਰਨ ਸੁਣਿ ਹਰਿਨਾਮੁ।
ਮਿਟਹਿ ਪਾਪ ਤੇਰੇ ਜਨਮ ਜਨਮ ਕੇ, ਕਵਨੁ ਬਪੁਰੋ ਜਾਮੁ।੧। ਰਹਾਉ।
ਦੂਖ, ਦੀਨ ਨ ਭਉ ਬਿਆਪੈ, ਮਿਲੈ ਸੁਖ ਬਿਸ੍ਰਾਮੁ।
ਗੁਰ ਪ੍ਰਸਾਦਿ ਨਾਨਕੁ ਬਖਾਨੈ, ਹਰਿ ਭਜਨੁ, ਤਤੁ ਗਿਆਨੁ।੨। ੧॥

[ਮਾਰੂ ਮਹਲਾ ੫, ਘਰੁ ੬, ਦੁਪਦੇ, ਆਦਿ ਗ੍ਰੰਥ, ਪੰਨਾ ੧੦੦੬

ਸਤਿਗੁਰੂ ਜੀ ਨੇ ਪੂਰਬੇ ਕੰਨ ਵਿਚ ਕੁਛ ਕਿਹਾ ਤੇ ਮਿੰਟ ਪਿਛੋਂ ਆਪ ਜੀ ਦੇ ਕਰ ਕਮਲਾਂ ਵਿਚ ਦਿਲ ਰੁਬਾ ਆ ਗਿਆ। ਉਸਤਾਦ ਹਰਭਜਨ ਸਿੰਘ ਨੂੰ ਵਾਜੇ ਕੋਲ ਜਾਣ ਦਾ ਇਸ਼ਾਰਾ ਕੀਤਾ। ਦੂਜੇ ਸ਼ਬਦ ਦੀ ਟੇਕ ਆਪ ਨੇ ਲੈ ਲਈ : ਏ ਮਨ ਪਿਆਰਿਆ! ਤੂ ਸਦਾ ਸਚੁ ਸਮਾਲੇ!

ਪੂਰਾ ਸ਼ਬਦ :

ਏ ਮਨ ਪਿਆਰਿਆ! ਤੂ, ਸਦਾ ਸਚੁ ਸਮਾਲੇ।
ਏਹੁ ਕੁਟੰਬੁ ਤੂ ਜਿ ਦੇਖਦਾ, ਚਲੈ ਨਾਹੀ ਤੇਰੈ ਨਾਲੇ।
ਸਾਥਿ ਤੇਰੈ ਚਲੈ ਨਾਹੀ, ਤਿਸੁ ਨਾਲਿ ਕਿਉ ਚਿਤੁ ਲਾਈਐ।
ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ।
ਸਤਿਗੁਰੂ ਕਾ ਉਪਦੇਸ਼ ਸੁਣਿ ਤੂ, ਹੋਵੈ ਤੇਰੈ ਨਾਲੇ।
ਕਹੈ ਨਾਨਕੁ ਮਨ ਪਿਆਰੇ, ਤੂ ਸਦਾ ਸਚੁ ਸਮਾਲੇ।੧੧।

[ਰਾਮ ਕਲੀ ਮਹਲਾ ੩, ਅਨੰਦੁ, ਆਦਿ ਗ੍ਰੰਥ ਪੰਨਾ, ੯੧੮

ਬੀਬੀ ਤੇਜ ਕੌਰ ਮੰਡੀ ਵਾਲੀ ਅਤੇ ਸੰਤ ਅਣੋਖ ਸਿੰਘ ਜੀ ਦੇ ਲੜਕੇ ਅਜੀਤ ਸਿੰਘ ਨਮਿਤ ਇਹ ਭੋਗ ਸੀ, ਜਿਹੜਾ ਪਿਛਲੇ ਦਿਨੀਂ...ਭੈਣੀ ਸਾਹਿਬ ਵਿਚ ਹੀ ਆਪਣੇ ਸਵਾਸ ਪੂਰੇ ਕਰ ਗਿਆ। ਇਸਨੂੰ ਦਮੇ ਅਤੇ ਮਾਨਸਿਕਤਾ ਦੀ ਕਸਰ ਸੀ। ਭੋਗ ਪੈਣ ਸਮੇਂ ਇਸ ਪਰਵਾਰ ਦੇ ਰਿਸ਼ਤੇਦਾਰ ਵੀ ਆ ਗਏ। ਸੰਤ ਅਣੋਖ ਸਿੰਘ ਨੇ ਬਿਸਤਰਾ, ਬਰਤਨ, ਬਸਤਰ, ਮਾਇਆ ਆਦਿ ਭੇਟ ਧਰੇ। ਪਰ ਬੀਬੀਆਂ ਆਕੇ ਮੱਥਾ ਟੇਕ ਕੇ ਜਿਉਂ ਹੀ ਸਿਰ ਉਚਾ ਉਠਾਣ, ਬੁਸਕ ਪੈਣ। ਹੰਝੂ ਆਈਆਂ ਅੱਖੀਆਂ ਵੇਖ ਦੂਜਿਆਂ ਤੇ ਵੀ ਅਸਰ ਹੋਵੇ। ਪ੍ਰੰਤੂ ਬੀਬੀ ਤੇਜ ਕੌਰ ਨੇ, ਭਾਣਾ ਮੰਨਦਿਆਂ ਹੋਇਆਂ, ਸਾਬਰ ਦਿਲੀ ਨਾਲ ਹੀ ਨਮਸਕਾਰ ਕੀਤੀ।

ਭੋਗ ਪੈਣ ਉਪਰੰਤ, 'ਸੱਦ' ਦਾ ਪਾਠ ਕਰਕੇ ਅਰਦਾਸ਼ਾ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਪੰ: ਗੋਪਾਲ ਸਿੰਘ ਨੂੰ ਆਗਿਆ ਦੇ ਕੇ, ਇਸ ਮਤਲਬ ਲਈ ਪਹਿਲਾਂ ਹੀ ਰਖੀ ਗਈ ਦਸਤਾਰ ਚਿਣਵਾਈ। ਸਵਰਗਵਾਸੀ ਅਜੀਤ ਸਿੰਘ ਦੇ ਲੜਕੇ 'ਰਾਣਾ' ਕੁਲਵੰਤ ਸਿੰਘ ਨੂੰ ਬੁਲਵਾ ਕੇ ਉਸਦੇ ਸਿਰੋਂ ਇਕ ਇਕ ਪੇਚ, ਪਹਿਲੀ ਦਸਤਾਰ ਦਾ ਲਾਹ ਕੇ ਆਪਣੇ ਹਸਤ ਕਵਲਾਂ ਨਾਲ ਨਵੀਂ ਦਸਤਾਰ ਪਕੜੀ ਤਾਂ ਨਾਲ ਹੀ ਫ਼ਰਮਾਇਆ : ਸਣ ਕੇਸੀਂ ਸ਼ਨਾਨ ਕਰਕੇ ਇਕ ਇਕ ਮਾਲਾ ਭਜਨ ਅਤੇ ਭਗਉਤੀਆਂ ਦੀ ਫੇਰਿਆ ਕਰ। ਕੇਸਾਂ ਵਿਚ ਕੰਘਾ, ਖੰਡੇ ਕਿਰਪਾਨ ਵਾਲ ਰਖਿਆ ਕਰ। ਸ਼ੇਰ ਬਣ ਕੇ ਰਹੁ। ਸੂਬਾ ਦੀਵਾਨ ਸਿੰਘ ਡਾਲਟਨ ਗੰਜ ਦੇ ਭਾਈ ਸੰਤ ਅਮਰ ਸਿੰਘ ਨੇ ਤੁਰਤ ਜੇਬ ਵਿਚੋਂ ਖੰਡੇ ਕਿਰਪਾਨ ਵਾਲਾ ਨਵਾਂ ਕੰਘਾ ਕੱਢ, ਸਤਿਗੁਰੂ ਜੀ ਨੂੰ ਭੇਟ ਕਰ ਦਿਤਾ। ਸਤਿਗੁਰੂ ਜੀ ਨੇ ਰਾਣਾਂ ਦੇ ਕੇਸਾਂ ਵਿਚ ਕੰਘਾਂ ਅੜੁੰਗ ਕੇ ਆਹਿਸਤਾ ਆਹਿਸਤਾ ਦਸਤਾਰ ਸਜਾਈ।

### ਸਦਉਪਦੇਸ਼

ਸਤਿਗੁਰੂ ਜੀ ਨੇ ਹਾਜ਼ਰ ਸੰਗਤ ਨੂੰ ਸੰਬੋਧਨ ਕੀਤਾ। ਜਿਸ ਸਿੰਘ ਦੀ ਯਾਦ ਵਿਚ ਜੁੜੇ ਹਾਂ, ਭਾਵੇਂ ਧਨ ਦੀ ਥੁੜੋਂ ਕਾਰਨ ਉਹ ਗਰੀਬ ਸੀ, ਪਰ ਉਸ ਪਾਸ ਸਿੱਖੀ ਦੀ ਬਖਸ਼ਸ਼ ਬਹੁਤ ਸੀ। ਮੰਡੀ (ਹਿਮਾਚਲ) ਵਿਚ ਰਹਿੰਦਿਆਂ, ਸਰਦ ਮੌਸਮ ਵਿਚ ਵੀ ੩ ਮੀਲ ਦੇ ਫਾਸਲੇ ਤੋਂ ਇਸ਼ਨਾਨ ਕਰਕੇ ਧਰਮ ਸਾਲਾ ਆਸਾ ਦੀ ਵਾਰ ਸੁਣਨ ਵਾਸਤੇ ਨਿਤ ਆਉਂਦਾ। ਇਸ ਗੱਲੋਂ ਉਸ ਕਦੇ ਵਿਘਨ ਨਾ ਪਾਇਆ। ਗੁਰ-ਦਰਗਾਹੇ ਤਾਂ ਏਸੇ ਗੱਲ ਦੀ ਅਮੀਰੀ ਸ਼ਾਨ ਵਧਾਂਦੀ ਹੈ।......ਤੇਜ ਕੌਰ ਉਤੇ ਵੀ ਸਤਿਗੁਰੂ ਦੀ ਕਿਰਪਾ ਹੈ। ਸੰਬੰਧੀਆਂ ਦੀਆਂ ਅੱਖਾਂ ਇਸੇ ਵਿਛੋੜੇ ਨੂੰ ਯਾਦ ਕਰ ਡੁਲ੍ਹਣ-ਡੁਲ੍ਹਣ ਕਰਦੀਆਂ ਰਹੀਆਂ ਪਰ ਉਸਨੇ ਆਪਣੇ ਪੁਤਰ ਦੇ ਗੁਜ਼ਰ ਜਾਣ ਨੂੰ ਪਰਮੇਸਰ ਦਾ ਭਾਣਾ ਸਮਝ ਕੇ ਪਰਵਾਨ ਕੀਤਾ ਹੈ।

"ਸੋਚ ਲਉ ਜੇ ਕਿਸੇ ਮਾਤਾ ਪਿਤਾ ਦੇ ਤ੍ਰਿੰਨ ਪੁੱਤਰ



Sri Satguru Jagjit Singh Ji Elibrary NamdhariElibrary@gmail.com



ਬੀਤੇ ਦੀਆਂ ਪੁਰਾਣੀਆਂ ਪੈੜਾਂ
ਸਤਿਗੁਰੂ ਜਗਜੀਤ ਸਿੰਘ ਜੀ, ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ (ਖੱਬੇ) ਦੀ ਪਾਵਨ ਹਜ਼ੂਰੀ ਵਿਚ ।
ਸੱਜੇ ਪਾਸੇ ਪ੍ਰਸਿਧ ਅਕਾਲੀ ਨੇਤਾ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ।

ਹੋਣ । ਉਹ ਇਕ ਨੂੰ ਕਹਿਣ—ਐਥੇ ਦੀਵਾਰ ਕਰਦੇ । ਉਹ ਉੱਤਰ ਦੇਵੇ-ਨਹੀਂ, ਇਸਦਾ ਕੀ ਲਾਭ ? ਮੈਂ ਏਥੇ ਦੀਵਾਰ ਨਹੀਂ ਕਰਨੀ । ਮਾਤਾ ਪਿਤਾ ਦੇ ਕਹਿਣ ਤੋਂ ਦੂਜਾ ਪੁੱਤਰ ਦੀਵਾਰ ਤਾਂ ਕਰ ਦੇਵੇ ਪਰ ਬੁੜ ਬੁੜ ਕਰਦਿਆਂ ਹੀ ਪਰ ਤੀਜਾ ਬੱਚਾ ਖੁਸ਼ੀ ਖੁਸ਼ੀ ਆਗਿਆ ਪਾਲਣ ਕਰਕੇ ਤਾਂ ਮਾਪਿਆਂ ਦੀ ਪ੍ਰਸੰਨਤਾ ਕਿਸਤੇ ਬਹੁਤੀ ਹੋਵੇਗੀ ।''

ਹੁਣੇ ਨਿਕਲੀ ਤੁਕ-ਪਾਠ ਦਾ ਉਦਾਹਰਣ ਦਿੰਦਿਆ ਸਤਿਗੁਰਾਂ ਬਚਨ ਕੀਤਾ : ਪਰਵਾਨਗੀ ਓਸੇ ਨੂੰ ਮਿਲਦੀ ਹੈ ਜੋ ਸਤਿਗੁਰੂ ਦੀ ਰਜ਼ਾ ਨੂੰ ਠੀਕ ਸਮਝ ਕੇ ਹੀ ਖਿੜੇ ਮੱਥੇ ਸਵੀਕਾਰ ਕਰੇ ।

ਪਾਠ ਦਾ ਭੋਗ ਪੈਂਦਿਆਂ ਹੀ ਸਤਿਗੁਰੂ ਜੀ ਨੇ ਪੂਰਵਾ ਨੂੰ ਆਦੇਸ਼ ਦਿਤਾ ਸੀ ਕਿ ਪ੍ਰਸ਼ਾਦਾ ਦਾਲਾ ਆਦਿ, ਗੱਡੀ ਵਿਚ ਨਾਲ ਹੀ ਧਰ ਲਏ । ਇਹ ਨਹਿਰ ਤੇ ਜਾਕੇ ਛਕੇ ਜਾਣਗੇ ।

ਅੱਜ ਸਵੇਰ ਦੇ ਪੰ: ਗੋਪਾਲ ਸਿੰਘ ਵੀ ਆ ਪਹੁੰਚੇ ਹਨ ਤੇ ਏਥੇ ਭੋਗ ਪੈਣ ਦੇ ਮੌਕੇ ਤੇ ਹੀ ਆਏ । ਅਜੀਤ ਸਿੰਘ ਬਾਰੇ ਅਰਦਾਸ ਵੀ ਉਨ੍ਹਾਂ ਕੀਤੀ ।

ਸਤਿਗੁਰੂ ਜੀ ਇਕ ਵਜੇ ਇਸ ਦੀਵਾਨ ਵਲੋਂ ਵਿਹਲੇ ਹੋ ਕੇ ਨਹਿਰ ਤੇ ਚਲੇ ਗਏ, ਆਪਣੇ ਨਿਕਟੀ ਸੇਵਕਾਂ ਤੇ ਪਿਆਰਿਆਂ ਨਾਲ ।

**ਪੈਸੇ ਦੇਣੇ ਹਨ**
**ਤਾਂ ਕਿਸੇ ਹੋਰ ਨੂੰ ਮਿਲੋ**

ਸ੍ਰੀ ਹਰਭਜਨ ਸਿੰਘ ਸਿਤਾਰ ਨੇ ਮੇਰੇ ਨਾਲ ਜਾਂਦਿਆਂ



Sri Satguru Jagjit Singh Ji Elibrary NamdhariElibrary@gmail.com

ਸਤਿਗੁਰਾਂ ਦੀ ਉਦਾਰਤਾ ਦੀ ਪ੍ਰਸੰਸਾ ਕੀਤੀ : ਜੀਵਨ ਨਗਰ ਦੇ ਇਕ ਮਿਸਤਰੀ, ਮੋਹਣ ਸਿੰਘ ਜੋ ਕਿ ਅਪਣਾ ਨਿੱਜੀ ਕਾਰੋਬਾਰ ਕਰਦਾ ਹੈ, ਨੇ, ਇਕ ਦਿਨ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਉਸਨੂੰ ਕਿਤੋਂ ਵਧੀਆ ਜਿਹੀ ਟੇਪ ਰਿਕਾਰਡਰ ਲਿਆ ਦੇਣ। ਸਤਿਗੁਰਾਂ ਕ੍ਰਿਪਾ ਕੀਤੀ ਜਲਦੀ ਹੀ, ਕਿਤੋਂ ਲੈ ਕੇ, ਜਾਂ ਲਿਆ ਕੇ ਮੋਹਣ ਸਿੰਘ ਨੂੰ ਬੁਲਾਕੇ ਦਿਤੀ। ਉਸਨੇ ਉਸਦੀ ਕੀਮਤ ਦੇਣੀ ਚਾਹੀ। ਸਤਿਗੁਰੂ ਜੀ ਨੇ ਹੱਸ ਕੇ ਆਖਿਆ : ਜੇ ਪੈਸਿਆਂ ਦੀ ਗੱਲ ਸੀ ਤਾਂ ਕਿਸੇ ਹੋਰ ਨੂੰ ਕਹਿਣਾ ਸੀ, ਮੈਂ ਬਿਨਾ ਪੈਸਿਆਂ ਤੋਂ ਹੀ ਇਹ ਟੇਪ ਰਿਕਾਰਡਰ ਤੇਰੇ ਹਵਾਲੇ ਕਰਨੀ ਹੈ। ਸਿੱਖ ਨੇ ਸਿਰ ਝੁਕਾ, ਗਦ ਗਦ ਹੋਇਆਂ ਟੇਪ ਰਿਕਾਰਡਰ ਪਰਵਾਨ ਕਰ ਲਈ।

### ਨਵੀਂ ਕੋਠੀ ਦਾ ਆਰੰਭ

ਮੈਂ ਵੇਖਿਆ ਕਿ ਕੋਠੀ ਦੇ ਇਹਾਤੇ ਵਿਚ, ਡਾ: ਤ੍ਰਿਲੋਕ ਸਿੰਘ ਦੇ ਕਮਰੇ ਦੇ ਪਿਛਵਾੜੇ ਜੋ ਮਕਾਨ ਬਣ ਰਿਹਾ ਹੈ, ਓਥੇ ਬੇਬੇ ਦਲੀਪ ਕੌਰ ਜੀ, ਹੋਰ ਭੈਣਾਂ ਤੇ ਦੋਵੇਂ ਬਲਕਾਰ ਸਿੰਘ (ਮਿਰਜ਼ਾਪੁਰ ਬੇੜ ਤੇ ਭਗੂੰਰ ਵਾਲਾ) ਕੁਝ ਹੋਰ ਸਜਨਾਂ ਨਾਲ ਇੱਟਾਂ ਆਦਿ ਫੜ ਫੜਾ ਰਹੇ ਹਨ। ਪਹਿਲਾਂ ਇਹ ਜਗਹ ਸ੍ਰ. ਸੁਰਿੰਦਰ ਸਿੰਘ ਮਨਚੰਦਾ ਵਾਸਤੇ ਉਸਦੇ ਖਰਚੇ ਤੇ ਹੀ, ਏਅਰ ਕੰਡੀਸ਼ਨਡ ਤਿਆਰ ਹੋਣੀ ਸੀ। ਸੰਤ ਬਲਕਾਰ ਸਿੰਘ ਹਜ਼ੂਰੀ ਸੇਵਕ ਨੂੰ ਪੁਛਿਆ ਤਾਂ ਉਸ ਦਸਿਆ : ਸੁਰਿੰਦਰ ਸਿੰਘ ਤਾਂ ਛਡ ਗਿਆ ਹੈ।

ਇਸ ਨਗਰ ਦੇ ਵਾਸੀਆਂ ਵਿਚ, ਖਿਨਾ ਦੋ ਤਿੰਨ ਪਰਵਾਰਾਂ ਤੋਂ ਉੱਕਾ ਹੀ ਸਿਖੀ ਦੀ ਭਾਵਨਾ ਨਹੀਂ ਸੀ। ਅੱਜ ਤੋਂ ਪੰਜਾਹ ਸਾਲ ਪਹਿਲਾਂ, ਜਦੋਂ ਅਸੀਂ ਭੈਣੀ ਸਾਹਿਬ ਦੇ ਨਾਮਧਾਰੀ ਸਕੂਲ ਵਿਚ ਪੜ੍ਹਿਆ ਕਰਦੇ ਸਾਂ, ਏਥੋਂ ਦੀ ਧਰਤੀ ਚੂੜ੍ਹੀ ਸਲੇਟ ਤੇ ਉਲੇਹਾ ਹੀ ਜਣਦੀ ਸੀ। ਧਰਤੀ ਦੇ ਆਮ ਗੰਦ ਪਿੱਲ ਵਿਚ ਨਿੱਕੀ ਨਿੱਕੀ ਬਜਰੀ, ਚਰੀ ਤੇ ਮੋਠ ਹੀ ਹੋਇਆ ਕਰਦੇ ਸਨ। ਵਸਨੀਕ ਹੁਕੀਆਂ ਗੁੜ ਗੁੜਾਂਦੇ, ਤੰਤ ਸੂਤਣੇ ਰਖਦੇ, ਸੁੱਕੇ ਸੜੇ ਜਿਹੇ, ਆਮ ਕਰਕੇ ਅਧੂਰੇ ਕਪੜਿਆਂ ਨਾਲ ਨਚਰ ਪਿਆ ਕਰਦੇ ਸਨ। ਅੱਜ ਤਾਂ ਰੰਗ ਰੂਪ ਬਦਲ ਗਿਆ ਹੈ।

ਸਾਰੇ ਭੈਣੀ ਸਾਹਿਬ ਦੇ ਖੇਤਾਂ ਤੇ ਨੂਰ ਬਰਸਦਾ ਹੈ। ਬਹੁਤ ਵਧੀਆਂ ਕਣਕਾਂ ਦੂਰ ਦੂਰ ਤਕ ਨਜ਼ਰ ਪੈਂਦੀਆਂ ਹਨ। ਥਾਂ ਪਰ ਥਾਂ, ਬੰਬੀਆਂ ਅਤੇ ਬਿਜਲੀ ਦਾ ਚਾਨਣਾ ਹੈ। ਜੱਟਾਂ ਅਤੇ ਦੂਜੀਆਂ ਬਰਾਦਰੀਆਂ ਦੇ ਮਕਾਨ ਪੱਕੇ ਬਣ ਗਏ ਹਨ ਤੇ ਏਥੋਂ ਦੇ ਲੋਕਾਂ ਨੂੰ ਵੇਖਾ ਵੇਖੀ ਜਾਂ ਵਿਰੋਧ ਦੇ ਪ੍ਰਭਾਵ ਅਧੀਨ ਸਿੱਖਾਂ ਵਾਲੀ ਸ਼ਕਲ ਧਾਰਨੀ ਵੀ ਜਰਣ ਲਗ ਪਈ ਹੈ।

ਠਾਕਰ ਦਲੀਪ ਸਿੰਘ ਜੀ ਅੱਜ ਕੱਲ ਸਰੀਰਕ ਸਿਹਤ ਵਲੋਂ ਢਿੱਲੇ ਢਾਲੇ ਹੀ ਚਲ ਰਹੇ ਹਨ। ਮੇਰੇ ਪੁਛਣ ਤੇ ਉਨ੍ਹਾਂ ਦਸਿਆ : ਵਧੀਆ ਨਾਲੋਂ ਕੁਝ ਘੱਟ ਹੈ।

### ਚੱਕ ਦੇਸ ਰਾਜ ਨੂੰ

ਕਰੀਬ ੪ ਵਜੇ, ਸਤਿਗੁਰੂ ਜੀ ਆਪਣੇ ਮਕੱਤਰ, ਨਿਕਟੀ ਸੇਵਕਾਂ ਅਤੇ ਪੰਡਿਤ ਗੋਪਾਲ ਸਿੰਘ ਨਾਲ ਚੱਕ ਦੇਸ ਰਾਜ ਪਧਾਰੇ। ਰਾਤ ਦਾ ਦੀਵਾਨ ਉਥੇ ਹੈ। ਕੱਲ ਦਾ ਲੰਗਰ, ਜਲੰਧਰ ਵਿਖੇ ਸ੍ਰ. ਊਧਮ ਸਿੰਘ ਦੀ ਕੋਠੀ ਵਿਖੇ ਹੋਣਾ ਹੈ। ਸ੍ਰ. ਊਧਮ ਸਿੰਘ ਸ੍ਰ. ਕੁੰਦਨ ਸਿੰਘ ਸਵਰਗਵਾਸੀ ਦੇ ਪਿਤਾ ਹਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇਹਨਾਂ ਦੀ ਪੁੱਤਰੀ ਬੀਬੀ ਰਾਜਿੰਦਰ ਕੌਰ ਵਿਆਹੀ ਹੋਈ ਸੀ। ਸ੍ਰੀ ਸਤਿਗੁਰੂ ਜੀ ਦੇ ਇਹ ਪਹਿਲੇ ਮਹਿਲ ੫-੭ ਸਾਲ ਦਾ ਦੰਪਤੀ ਜੀਵਨ ਬਿਤਾਕੇ ਪੂਰੇ ਹੋ ਗਏ ਸਨ।

ਸੰਤ ਤਰਸੇਮ ਸਿੰਘ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਕੱਲ ਤਕ ਵਾਪਸ ਸ੍ਰੀ ਭੈਣੀ ਸਾਹਿਬ ਆ ਜਾਣਗੇ।

### ਨਾਮਧਾਰੀ ਹਾਕੀ ਟੀਮ

ਅਜ ਕਲ ਭੈਣੀ ਸਾਹਿਬ, ਹਾਕੀ ਖੇਡਣ ਵਾਲੇ ਨਾਮਧਾਰੀ ਬੱਚਿਆਂ ਦੀ ਇਕ 'ਟੀਮ ਤਿਆਰ' ਹੋ ਰਹੀ ਹੈ। ਸਤਿਗੁਰੂ ਜੀ ਸਵੇਰੇ ਅਫਰੀਕਾ ਵਾਲੇ ਪ੍ਰਧਾਨ ਸੰਖੀ ਨੂੰ ਦੱਸ ਰਹੇ ਸਨ : ਕੁਛ ਦਿਨ ਹੋਏ ਸਮਰਾਲੇ ਵਿਖੇ ਹੋਏ ਹਾਕੀ ਮੈਚ ਵਿਚ ਸਾਡੇ ਬੱਚੇ ਆਪਣੇ ਤੋਂ ਦੂਣੀ ਉਮਰ ਦੇ ਮੁੰਡਿਆਂ ਤੋਂ ਸਿਰਫ਼ ਇਕ ਗੋਲ ਨਾਲ ਹਾਰੇ। ਉਹ (ਵਿਰੋਧੀ ਟੀਮ) ਪਹਿਲੇ ਹਾਫ਼ ਵਿਚ ਤਾਂ ਗੋਲ ਕਰ ਹੀ ਨਹੀਂ ਸਕੇ ਐਨ ਵਕਤ ਦੇ ਅੰਤ ਉਤੇ ਉਨ੍ਹਾਂ ਦਾ ਟੁੱਲ ਲਗ ਗਿਆ। ਲੋਕਾਂ ਨਾਮਧਾਰੀ ਟੀਮ ਦੇ ਬੱਚਿਆਂ ਨੂੰ ਬੜਾ ਸਲਾਹਿਆ ਕਿ ਇਹਨਾਂ ਬਹੁਤ ਛੋਟੇ ਛੋਟੇ ਹੁੰਦਿਆਂ ਵੀ ਵਿਰੋਧੀ ਟੀਮ ਨਾਲ ਖੂਬ ਲੋਹਾ ਲਿਆ।

ਦੀਵਾਨ ਵਿਚ ਵੇਖਿਆ ਕਿ ਗਾਉਣ ਵਾਲੇ ਬੱਚਿਆਂ ਦੀ ਇਕ ਹੋਰ ਛੋਟੀ ਟੀਮ ਤਿਆਰ ਹੋ ਰਹੀ ਹੈ। ੮ ਤੋਂ ੧੦ ਸਾਲ ਤਕ ਦੇ ਇਹ ਬੱਚੇ ਸੁਹਣਾ ਕੀਰਤਨ ਕਰਦੇ ਹਨ।

ਸੰਤ ਬਲਕਾਰ ਸਿੰਘ ਨਿੱਜੀ ਸੇਵਕ ਦੇ ਕਮਰੇ ਵਿਚ ਝਾਤ ਮਾਰੀ ਤਾਂ ਉਸਦਾ ਛੋਟਾ ਜਿਹਾ ਘਰ ਮੌਜੂਦਾ ਸਾਰੀਆਂ ਸਹੂਲਤਾਂ ਨਾਲ ਪਰੀਪੂਰਨ ਅਤੇ ਸੰਤ ਮਹਿੰਦਰ ਸਿੰਘ ਪੂਰਵਾ


Sri Satguru Jagjit Singh Ji Elibrary NamdhariElibrary@gmail.com

ਦਾ ਵੀ ਓਨਾ ਕੁ ਹੀ ਸੈਟ ਵਧੀਆ ਢੰਗ ਨਾਲ ਸਜਾਇਆ ਹੋਇਆ ਹੈ ।

## ੨੧ ਮਾਰਚ ੧੯੭੮, ਮੰਗਲਵਾਰ
## ਸ੍ਰੀ ਭੈਣੀ ਸਾਹਿਬ

ਬੱਚਿਆਂ ਵਲੋਂ ਅਮ੍ਰਿਤ ਵੇਲੇ ਹੀ ਆਸਾ ਦੀ ਵਾਰ ਦਾ ਕੀਰਤਨ ਜਾਰੀ ਹੋ ਕੇ ਦਿਨ ਚੜ੍ਹਨ ਨਾਲ ਸਮਾਪਤ ਹੋਇਆ ਪ੍ਰੰਤੂ ਸਤਿਗੁਰੂ ਤਾਂ ਚੱਕ ਦੇਸ ਰਾਜ ਵਿਖੇ ਆਸਾ ਦੀ ਵਾਰ ਸੁਣ ਰਹੇ ਸਨ ।

ਰਾਤ ਦੇ ਏਰੇ, ਸਤਿਜੁਗ ਸੰਪਾਦਕ ਮਹੰਤ ਆਤਮਾ ਸਿੰਘ ਸਨਖਤਰਾ ਅਤੇ ਗਿਆਨੀ ਮਿਹਰ ਸਿੰਘ ਕਾਨਪੁਰੀ ਆਏ ਹੋਏ ਹਨ । ਇਹ ਸਿਧਾਂਤਕ ਪੁਸਤਕਾਂ ਦੇ ਲੇਖਕ ਹਨ । ਅੱਜ ਮੈਂ ਇਨ੍ਹਾਂ ਨਾਲ ਡਾ: ਤ੍ਰਿਲੋਕ ਸਿੰਘ ਦੇ ਕਮਰੇ ਪਾਸ ਵਿਚਾਰ ਵਟਾਂਦਰਾ ਕਰ ਰਿਹਾ ਸਾਂ ਕਿ ਪੰ: ਗੋਪਾਲ ਸਿੰਘ ਵੀ ਆਪਣੇ ਸਾਥੀਆਂ ਨਾਲ ੧੦.੩੦ ਵਜੇ ਆ ਪੁੱਜੇ ।

### ਚੱਕ ਦੇਸ ਰਾਜ ਬਾਰੇ

ਲੇਖਕ ਮੰਡਲ ਪੰਡਤ ਜੀ ਦੇ ਡੇਰੇ ਪੁੱਜਾ ਤਾਂ ਉਨ੍ਹਾਂ ਦੱਸਿਆ । ਚੱਕ ਦੇਸ ਰਾਜ ਜ਼ਿਲਾ ਜਲੰਧਰ ਵਿਚ ਸ੍ਰ. ਜੁਗਿੰਦਰ ਸਿੰਘ ਨੇ ਅਖੰਡ ਪਾਠ ਰਖਵਾਇਆ ਹੋਇਆ ਸੀ । ਸਤਿਗੁਰੂ ਜੀ ਕਲ ਸ਼ਾਮੀ ੬ ਕੁ ਵਜੇ ਉਸ ਨਗਰ ਪਹੁੰਚੇ । ਦੀਵਾਨ ਲਾਉਣ ਦੀ ਪੰਡਿਤ ਜੀ ਨੂੰ ਆਗਿਆ ਹੋਈ । ਇਹਨਾਂ ਦੇ ਦੀਵਾਨ ਦੇ ਅੰਤ ਉਤੇ ੫੦ ਸਰੀਰਾਂ ਨੇ ਮਾਸ-ਸ਼ਰਾਬ ਤਮਾਕੂ ਤਿਆਗ ਕੇ ਭਜਨ ਪੁਛ ਲਿਆ । ਅੱਜ ਉਨ੍ਹਾਂ ਦੇ ਘਰ ਭੋਗ ਪਿਆ ਹੈ । ਸਤਿਗੁਰੂ ਜੀ ਤਾਂ ਆਪਣੇ ਪਹਿਲੇ ਸਹੁਰੇ ਪਰਵਾਰ ਨੂੰ ਦਰਸ਼ਨ ਦੇਣ ਜਲੰਧਰ ਗਏ ਹਨ । ਗੁਰੂ ਪਰਵਾਰ ਪਹਿਲਾਂ ਹੀ ਸ੍ਰ. ਊਧਮ ਸਿੰਘ ਕਾਲੂ-ਵਾਹਰ ਦੀ ਕੋਠੀ ਪੁੱਜਾ ਹੋਇਆ ਹੈ । ਲੰਗਰ ਪਾਣੀ ਅੱਜ ਓਥੇ ਹੀ ਹੈ ।

ਪੰਡਤ ਜੀ ਨੇ ਚੱਕ ਦੇਸ ਰਾਜ ਦੇ ਪਿਛਲੇ ਇਤਿਹਾਸ ਦੀ ਜਾਣਕਾਰੀ ਦਿਤੀ . ਇਸ ਪਿੰਡ ਦੇ ਭਾਈ ਦੇਵਾ ਸਿੰਘ, ਭਾਈ ਹਰੀ ਸਿੰਘ ਅਤੇ ਭਾਈ ਖੁਸ਼ਹਾਲ ਸਿੰਘ ਮੁੱਠਡਿਆਂ ਵਿਖੇ ਗੁਰੂ ਰਾਮ ਸਿੰਘ ਜੀ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰਨ ਲਗੇ ਕਿ ਉਹਨਾਂ ਦੇ ਪਿੰਡ ਵੀ ਸਤਿਗੁਰੂ ਚਰਨ ਪਾਣ ਦੀ ਕ੍ਰਿਪਾ ਕਰਨ । ਅਤੇ ਲੰਗਰ ਕਰਨ । ਪਰ ਸਤਿਗੁਰੂ ਜੀ ਦੇ ਸੂਬਾ ਲਖਾ ਸਿੰਘ ਨੇ ਸਿੰਘਾਂ ਦੇ ਹੌਸਲੇ ਤੋੜ ਦਿਤੇ : ਤੁਸੀਂ ਮਾੜੇ ਮਾੜੇ ਸਿਖ ਹੋ, ਤੁਹਾਡੇ ਘਰ ਗੁਰੂ ਕਾ ਲੰਗਰ ਕਿਵੇਂ ਹੋਵੇਗਾ । ਇਹਨਾਂ ਦੇ ਲੰਗਰ ਵਾਸਤੇ ਬਹੁਤ



ਪੰਡਤ ਗੋਪਾਲ ਸਿੰਘ ਜੀ

ਸਮੱਗਰੀ ਤੇ ਚੋਖੇ ਸਰਮਾਏ ਦੀ ਲੋੜ ਹੈ ।

"ਸਿਖ ਘਬਰਾ ਗਏ । ਉਹਨਾਂ ਦੇ ਮਨ ਵਿਚ ਆਰੀ ਫਿਰ ਗਈ ਕਿ ਕਿਉਂ ਉਹ ਆਪਣੇ ਗੁਰੂਕਾ ਲੰਗਰ ਨਹੀਂ ਕਰ ਸਕਦੇ । ਉਹਨਾਂ ਨੂੰ ਅਮੀਰ ਹੋਣਾ ਚਾਹੀਦਾ ਸੀ । ਪਰ ਨਾਲ ਹੀ ਸਵਾਲ ਪੈਦਾ ਹੋ ਗਿਆ—ਗੁਰੂ ਗਰੀਬ ਨਿਵਾਜ ਕਾਹਦਾ ਹੋਇਆ ?

"ਵਿਚਾਰੇ ਕਿਤੇ ਪਸਿੱਤੇ ਖਲੋਤੇ ਆਪਣੀ ਗਰੀਬੀ ਤੇ ਝੁਰ ਰਹੇ ਸਨ ਕਿ ਸਤਿਗੁਰੂ ਰਾਮ ਸਿੰਘ ਜੀ ਉਨ੍ਹਾਂ ਦੇ ਕੋਲ ਜਾ ਨਿਕਲੇ । ਡਿਡੋਲਿਕੇ ਹੋਏ ਸਿੰਘਾਂ ਨੂੰ ਪੁਛਿਓ ਨੇ : ਕੀ ਗੱਲ, ਇੰਜ ਗੁਆਚੇ-ਗੁਆਚੇ ਜਿਹੇ ਕਿਉਂ ਹੋ ?

"ਸੱਚੇ ਪਾਤਸ਼ਾਹ ਜੀ, ਆਪ ਦਾ ਲੰਗਰ ਕਰਨ ਨੂੰ ਜੀ ਕਰਦਾ ਸੀ ਪਰ ਸੂਬਾ ਲੱਖਾ ਸਿੰਘ ਜੀ ਨੇ ਕਿਹਾ ਹੈ ਕਿ ਅਸੀਂ ਗਰੀਬ ਹੋਣ ਕਰਕੇ ਲੰਗਰ ਦਾ ਖਰਚਾ ਨਹੀਂ ਝੱਲ ਸਕਾਂਗੇ ।" ਸਤਿਗੁਰੂ ਜੀ ਬਚਨ ਕੀਤਾ : ਤੁਸੀਂ ਚਿੰਤਾ ਨ ਕਰੋ । ਤੁਹਾਡੇ ਪਿੰਡ ਹੀ ਲੰਗਰ ਹੋਵੇਗਾ ਅਤੇ ਤੁਹਾਡੇ ਪਿੰਡ ਹੀ ਏਨੇ ਸਿੰਘ ਸਜ ਜਾਣਗੇ ਕਿ ਤੁਸੀਂ ਸਾਰੇ ਵਡੇ ਵਡੇ ਲੰਗਰ ਕਰਨ ਦੇ ਸਮਰਥ ਹੋਵੋਗੇ ।"

ਪੰ: ਗੋਪਾਲ ਸਿੰਘ ਨੇ ਦਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਮੇਂ ਦੋ ਅਤੇ ਗੁਰੂ ਹਰੀ ਸਿੰਘ ਜੀ ਨੇ ਤਿੰਨ ਦੌਰੇ ਕੀਤੇ । ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਕਈ ਵਾਰ ਇਸ ਚੱਕ (ਅੰਨ੍ਹਿਆਂ ਦਾ ਚੱਕ ਵੀ ਇਸਨੂੰ ਕਹਿੰਦੇ ਹਨ) ਵਿਖੇ ਪਧਾਰੇ । ਪਰ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਹ ਪਹਿਲਾ ਅਵਸਰ ਹੀ ਸੀ ਚੱਕ ਦੇਸ ਰਾਜ ਜਾਣ ਦਾ ।

ਸਨਖਤਰਾ ਜੀ, ਮਿਹਰ ਸਿੰਘ ਜੀ ਤੇ



Sri Satguru Jagjit Singh Ji Elibrary NamdhariElibrary@gmail.com

ਮੈਂ ਪਹਿਲਾਂ ਵਾਲੇ ਅੱਡੇ ਤੇ ਆ ਬੈਠੇ। ਅਜੇ ਥੋੜਾ ਚਿਰ ਹੀ ਰੁਕੇ ਸਾਂ ਕਿ ਸਤਿਗੁਰੂ ਜੀ ਦੀ ਕਾਰ ਆ ਗਈ। ਗੁਰੂ ਪਰਵਾਰ ਪਹਿਲਾਂ ਹੀ ਆ ਚੁਕਾ ਸੀ। ੧.੩੦ ਵਜੇ ਦਾ ਸਮਾ ਹੋਵੇਗਾ।

ਪਿੰਡ ਭੁੱਲਰ ਜ਼ਿਲਾ ਜਲੰਧਰ ਦੇ ਤਿੰਨ ਸਿੰਘ ਵਿਦੇਸ਼ਾਂ ਚੋਂ ਅਤੇ ਦੋ ਜਣੇ ਦੇਸ ਵਿਚੋਂ ਹੀ ਗੁਰੂ ਕੇ ਦਰਸ਼ਨਾਂ ਨੂੰ ਆਏ। ਸੂਬਾ ਮੇਲਾ ਸਿੰਘ ਰਛੀਨ ਨੇ ਸਾਰੇ ਭੈਣੀ ਸਾਹਿਬ ਦੀ ਯਾਤਰਾ ਕਰਵਾਕੇ ਸਤਿਗੁਰਾਂ ਦੇ ਦਰਸ਼ਨ ਕਰਵਾਏ।

### ਚਾਹ ਨਹੀਂ ਚਾਹਟਾ

ਅਨੰਦਪੁਰ ਦੇ ਹੋਲੇ ਨੂੰ ਜਾਂਦੀ ਇਕ ਟਰਾਲੀ ਜਿਸ ਵਿਚ ੨੦-੨੫ ਜਣੇ ਨੀਲੀਆਂ ਪੱਗਾਂ ਵਾਲੇ ਅਤੇ ਕੁਝ ਇਸਤਰੀਆਂ ਸਨ, ਰਾਮ ਸਰ ਤੇ ਭੈਣੀ ਸਾਹਿਬ ਵਿਚਾਲੇ ਦੇ ਚੌਕ ਵਿਚ ਰੁਕੀ। ਇਹਨਾਂ ਨੂੰ ਚਾਹ ਦੀ ਲਾਲਸਾ ਸੀ। ਪ੍ਰੰਤੂ ਇਹਨਾਂ ਸਜਣਾਂ ਨੂੰ ਚਾਹਟਾ (ਸੌਂਫ, ਇਲ ਇਚੀ, ਸੁੰਢ ਆਦਿ) ਹੀ ਤਿਆਰ ਕਰਕੇ ਛਕਾਇਆ ਗਿਆ ਕਿਉਂਕਿ ਲੰਗਰ ਪ੍ਰਬੰਧ ਵਿਚ ਚਾਹ ਪਿਆਉਂਣੀ ਵਿਵਰਜਿਤ ਹੈ।

### ਸ਼੍ਰੀ ਕਪਿਲ ਦੇਵ ਨਾਲ

੨.੩੦ ਵਜੇ "ਵੀਰ ਪ੍ਰਤਾਪ" (ਹਿੰਦੀ) ਅਤੇ "ਪ੍ਰਤਾਪ" (ਉਰਦੂ) ਦਾ ਨੁਮਾਇੰਦਾ ਸ੍ਰੀ ਕਪਿਲ ਦੇਵ ਆ ਗਿਆ। ਸ੍ਰੀ ਸਤਿਗੁਰੂ ਜੀ ਦੇ ਡੇਰੇ ਹੀ ਸਕੱਤਰ ਸ੍ਰੀ ਤਰਸੇਮ ਸਿੰਘ ਨੇ ਬੈਠਣ ਦਾ ਪ੍ਰਬੰਧ ਕੀਤਾ। ਇਸ ਸਮੇਂ ਸ੍ਰੀ ਸਤਿਗੁਰੂ ਜੀ ਪਾਸ ਹੇਠ ਲਿਖੇ ਸਰੀਰ ਬੈਠੇ ਸਨ : ਠਾਕੁਰ ਦਲੀਪ ਸਿੰਘ ਜੀ, ਸ੍ਰ. ਜਗਦੀਸ਼ ਸਿੰਘ ਆਫ਼ "ਵਰਿਆਮ", ਪੰਡਿਤ ਗੋਪਾਲ ਸਿੰਘ, ਸੰਤ ਮਿਹਰ ਸਿੰਘ ਕਾਨਪੁਰੀ, ਸੰਤ ਆਤਮਾ ਸਿੰਘ ਮਨਖਤਰਾ, ਸ੍ਰੀ ਤਰਸੇਮ ਸਿੰਘ ਹਜ਼ੂਰੀ ਸਕੱਤਰ, ਸ੍ਰੀ ਸਵਰਨ ਸਿੰਘ ਸਨੇਹੀ ਵਿਦੇਸ਼ ਸਚਿਵ, ਲੇਖਕ ਤੇ ਦੋ ਕੁ ਹੋਰ।

ਸ੍ਰੀ ਕਪਿਲ ਦੇਵ ਸ੍ਰੀ ਸਤਿਗੁਰੂ ਜੀ ਅਤੇ ਨਾਮ-ਧਾਰੀਆਂ ਬਾਰੇ ਕੁਛ ਵਿਸ਼ੇਸ਼ ਜਾਣਕਾਰੀ ਲੈਣਾ ਚਾਹੁੰਦਾ ਸੀ।

ਸਤਿਗੁਰੂ ਜੀ ਨੇ ਇਨ੍ਹਾਂ ਸ਼ਬਦਾਂ ਨਾਲ ਵਿਆਖਿਆ :

### ਅਛੂਤ ਉਧਾਰ ਕੀ ਹੈ

ਅਸੀਂ ਪਵਿਤਰਤਾਂ ਨੂੰ ਤਰਜੀਹ ਦਿੰਦੇ ਹਾਂ। ਸਮੇਂ ਅਨੁਸਾਰ ਕਦੇ ਕੋਈ ਗੱਲ ਉਤੇ ਆ ਜਾਂਦੀ ਹੈ ਕਦੇ ਕੋਈ। ਅੱਜ ਅਜਿਹੀ ਗੱਲ ਤੇ ਜ਼ੋਰ ਦੇਣਾ ਨਾਵਾਜਬ ਲਗਦਾ ਹੈ। ਪਰ ਅਸੀਂ ਉਨ੍ਹਾਂ ਦੇ ਅਛੂਤ ਉਧਾਰ ਨੂੰ ਪਰਵਾਨ ਕਰਦੇ ਹਾਂ ਜਿਹੜੇ ਆਪ ਵੀ ਅਛੂਤ ਬੇਟੀਆਂ ਆਪਣੀਆਂ ਨੂੰਹਾਂ ਬਣਾ ਕੇ ਲਿਆਉਂਦੇ ਅਤੇ ਆਪਣੀਆਂ ਅਛੂਤ ਨੌਜਵਾਨਾਂ ਨਾਲ ਵਿਆਹੁੰਦੇ ਹਨ। ਅਤੇ ਉਹ ਵੀ ਆਰਥਕ ਹਾਲਾਤ ਦੇ ਲੋਭ ਨੂੰ ਨਹੀਂ। ਜੇ ਐਸਾ ਨਹੀਂ ਹੈ ਤਾਂ ਇਹ ਗੱਲੀਂ ਬਾਤੀਂ ਉਧਾਰ ਹਨ। ਮਰਿਆਦਾ ਹਰ ਕਿਸੇ ਦੀ ਆਪਣੀ ਆਪਣੀ ਹੈ। ਅਸੀਂ ਇਸਨੂੰ ਮਰਿਆਦਾ ਦਾ ਸੁਆਲ ਸਮਝਦੇ ਹਾਂ। ਜਿਵੇਂ ਕੁਛ ਲੋਕ ਮਾਮੇ ਦੀ ਧੀ ਭੈਣ ਨਾਲ ਵਿਆਹ ਕਰਨਾ ਅਨੁਚਿਤ ਨਹੀਂ ਸਮਝਦੇ ਪਰ ਸਾਡੇ ਲਈ ਮਾਮੇ ਮਾਸੀ ਦੀ ਧੀ ਨਾਲ ਸ਼ਾਦੀ ਵਿਵਰਜਿਤ ਹੈ। ਕੁਝ ਮੁਸਲਿਮ ਅਸੂਲ ਅਸੀਂ ਨਹੀਂ ਅਪਣਾ ਸਕਦੇ ਕੁਝ ਉਹ ਸਾਡੇ ਨਹੀਂ ਮੰਨਣਗੇ। ਅਸੀਂ ਆਪਣੇ ਅਸੂਲਾਂ ਤੇ ਦ੍ਰਿੜ ਹਾਂ। ਇਹ ਗੱਲ ਵਖਰੀ ਹੈ ਕਿ ਅੱਜ ਅਜਿਹੇ ਐਲਾਨ ਕਰਨੇ ਵਾਜਬ ਨਹੀਂ।

ਸ੍ਰੀ ਕਪਿਲ ਦੇਵ ਨਾਲ ਸਤਿਗੁਰੂ ਜੀ ਨੇ ਆਪ ਸਿੱਧੇ ਤੌਰ ਤੇ ਬਹੁਤ ਸਾਰੇ ਸਭਿਆਚਾਰਕ ਮਸਲਿਆਂ, ਧਾਰਮਿਕ ਵਿਸ਼ਿਆਂ ਅਤੇ ਉਸਦੇ ਪੁਛੇ ਹੋਰ ਸਵਾਲਾਂ ਬਾਰੇ ਗੱਲਾਂ ਬਾਤਾਂ ਕੀਤੀਆਂ। ਉਂਜ ਅਸੀਂ ਸਾਰੇ ਹੀ ਨਿੱਕੀਆਂ ਮੋਟੀਆਂ ਗੱਲਾਂ ਪਰਸਪਰ ਵਟਾਂਦੇ ਰਹੇ। ਸ੍ਰੀ ਕਪਿਲ ਦੇਵ ਨੂੰ ਸਤਿਗੁਰੂ ਜੀ ਅਤੇ ਨਾਮਧਾਰੀਆਂ ਨੂੰ ਸਮਝਣ ਲਈ ਕੁਛ ਪੁਸਤਕਾਂ ਦਿਤੀਆਂ ਗਈਆਂ।

ਕਪਿਲ ਦੇਵ ਨਾਮਧਾਰੀਆਂ ਦੀ ਸਾਦਗੀ, ਸੁੱਚਮ ਤੇ ਦਾਜ ਪ੍ਰਥਾ ਵਿਰੋਧੀ ਅਮਲਾਂ ਤੇ ਭਾਵਨਾ ਤੇ ਸੰਤੁਸ਼ਟ ਸੀ। ਉਹਨੂੰ ਦੁਖ ਸੀ ਕਿ ਦੇਸ਼ ਲਈ ਏਨੀਆਂ ਕੁਰਬਾਨੀਆਂ ਕਰਨ ਵਾਲੀ ਸੰਸਥਾ ਦਾ ਜ਼ਿਕਰ ਅਖਬਾਰਾਂ ਦਾ ਆਮ ਕਰਕੇ ਸ਼ਿੰਗਾਰ ਕਿਉਂ ਨਹੀਂ ਬਣਦਾ। ਸ੍ਰੀ ਕਪਿਲ ਦੇਵ ਨੂੰ ਸਿਮ੍ਰਤੀ ਮੰਦਰ ਤੋਂ ਲੈ ਗੁਰੂ ਰਾਮ ਸਿੰਘ ਜੀ ਦੇ ਲੋਹ ਲੰਗਰ ਦੇ ਦਰਸ਼ਨ ਕਰਵਾਏ ਗਏ।

ਸਤਿਗੁਰੂ ਜੀ ੪.੩੦ ਵਜੇ ਗਮ ਬੂਟ ਪਹਿਨ ਕੁਛ ਸਿੰਘਾਂ ਨਾਲ ਸੈਰ ਕਰਨ ਚਲੇ ਗਏ। ਖੇਤਾਂ ਵਿਚ ਘੁੰਮ ਫਿਰ ੬.੩੦ ਵਜੇ ਵਾਪਸ ਆਏ ਫਿਰ ੭.੩੦ ਤਕ ਨਾਮ ਸਿਮਰਨ ਕਰਕੇ, ਹਰਭਜਨ ਸਿੰਘ (ਮਿਤਰ) ਤੇ ਸੰਤ ਖਜ਼ਾਨ ਸਿੰਘ ਨਾਲ ਕੀਰਤਨ ਸਮੇਂ ਭਾਗ ਲਿਆ। ਸਗੋਂ ਅਗਵਾਈ ਵੀ ਕੀਤੀ।

### ਗੁਰੂ ਕੀ ਹੱਟੀ

ਮੈਂ ਅੱਜ ਗੁਰੂ ਕੀ ਹੱਟੀ ਨੂੰ ਅਮਲ ਵਿਚ ਵੇਖਿਆ। ਡੇਰੇ ਵਿਚ ਰਹਿਣ ਵਾਲੇ ਸਾਰੇ ਪਰਵਾਰਾਂ ਤੇ ਸਰੀਰਾਂ ਨੂੰ ਮਹੀਨੇ ਭਰ ਲਈ ਰਾਸ਼ਨ ਮਿਲ ਰਿਹਾ ਸੀ। ਹੱਟੀ ਇਨ-



Sri Satguru Jagjit Singh Ji Elibrary NamdhariElibrary@gmail.com

ਚਾਰਜ ਸੰਤ ਪਿਆਰਾ ਸਿੰਘ ਨਾਥ (ਸੰਤ ਨਗਰ) ਹੈ ਅਨੇਕਾਂ ਸਾਲਾਂ ਤੋਂ ਹੱਟੀ ਇਨਾਂ ਦੇ ਪ੍ਰਬੰਧ ਹੇਠ ਹੈ। ਨਾਥ ਜੀ ਨੇ ਕੱਲ ਇਕ ਟ੍ਰੱਕ ਭਰ ਕੇ ਹੋਲੇ ਵਾਸਤੇ ਰਾਸ਼ਨ ਲਿਆਂਦਾ ਸੀ ਅਤੇ ਭੈਣੀ ਸਾਹਿਬ ਡੇਰੇ ਤੇ ਆਧਾਰਤ ਪਰਵਾਰਾਂ ਲਈ ਮੁਕੱਰਰ ਮਿਕਦਾਰ ਵਿਚ ਦੇਸੀ ਘਿਉ, ਚੀਨੀ, ਸਰਦਾਈ, ਸਾਬਣ, ਤੇਲ ਅਤੇ ਹੋਰ ਲੜੀਂਦੇ ਪਦਾਰਥ ਮਿਲ ਰਹੇ ਸਨ। ਪਰਵਾਰਕ ਰਾਸ਼ਨ ਇਸਤਰੀਆਂ ਲੈ ਜਾ ਰਹੀਆਂ ਸਨ। ਹੋਲਾ ਵੇਖਣ ਆਏ ਸਰੀਰ ਵੀ ਸਾਬਣ, ਤੇਲ, ਮੋਮਬੱਤੀਆਂ, ਦੀਆਂ ਸਲਾਈਆਂ ਤੇ ਤਾਲੇ ਤਕ ਲੈ ਜਾ ਰਹੇ ਸਨ। ਇਹ ਗੁਰੂ ਕੀ ਹੱਟੀ ਕਿਨਾ ਪੈਸਿਆਂ ਤੋਂ ਆਪਣੇ ਗਾਹਕਾਂ ਨੂੰ ਸਾਮਾਨ ਦਿੰਦੀ ਹੈ।

ਇਸ ਵਾਰ ਦਾ ਹੋਲਾ ਪਿੰਡ ਸੰਤ ਨਗਰ ਜ਼ਿਲਾ ਸਰਸਾ ਵਲੋਂ ਸ੍ਰੀ ਭੈਣੀ ਸਾਹਿਬ ਵਿਖੇ ਹੀ ਹੋ ਰਿਹਾ ਹੈ। ਇਸ ਲਈ ਹਰ ਪਰਕਾਰ ਦਾ ਖਰਚਾ ਸੰਤ ਨਗਰੀਆਂ ਦੀ ਉਗਰਾਹੀ ਤੋਂ ਹੋਵੇਗਾ।

## ਸ਼ੁਭ ਅਰੰਭ

ਕੱਲ ਪ੍ਰਧਾਨ ਸੇਖੀ ਜੀ ਨੈਰੋਬੀ ਨੇ ਕੀਨੀਆਂ ਦੀ ਸੰਗਤ ਵਲੋਂ ਕੁਝ ਰਕਮ ਮੱਥਾ ਟੇਕੀ ਤਾਂ ਸਤਿਗੁਰੂ ਜੀ ਨੇ ਹਸਦੇ ਹਸਦੇ ਕਿਹਾ ਸੀ : ਫਿਕਰ ਸੀ, ਹੋਲਾ ਸਿਰ ਤੇ ਹੈ, ਰਕਮਾਂ ਕਾਫ਼ੀ ਖਰਚ ਹੋਣੀਆਂ ਹਨ। ਪਤਾ ਨਹੀਂ ਕਿੰਨੀ ਰਕਮ ਆਵੇ ਕਿੰਨੀ ਨਾ, ਹੁਣ ਆਰੰਭ ਚੰਗਾ ਹੋ ਗਿਆ ਹੈ।

ਸਾਨੂੰ ਪਤਾ ਹੈ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਜ਼ਾਰਾਂ ਆਉਂਦੇ ਹਨ ਤੇ ਲੱਖਾਂ ਖਰਚ ਹੋ ਜਾਂਦੇ ਹਨ ਪਰ ਸਤਿਗੁਰੂ ਮਾਇਆ ਨਾਲ ਮੋਹ ਨਹੀਂ ਕਰਦੇ ਹਾਂ, ਤਜਵੀਜ਼ ਕਈ ਵਾਰ ਜ਼ਰੂਰ ਕਰਨੀ ਪੈਂਦੀ ਹੈ।

## ਸੰਤ ਅਮਰ ਸਿੰਘ ਦੇ ਜਵਾਬ

ਸ਼ਾਮ ਦੇ ਦੀਵਾਨ ਵਿਚ ਲੁਧਿਆਣੇ ਦੇ ਸੰਤ ਸਵਰਨ ਸਿੰਘ, ਫਗਵਾੜਾ ਦੇ ਸੰਤ ਲਛਮਣ ਸਿੰਘ, ਜੀਵਨ ਨਗਰ ਤੋਂ ਸੰਤ ਅਮਰ ਸਿੰਘ ਅਤੇ ਮਨੋਹਰ ਸਿੰਘ ਸੰਤ ਨਗਰ ਵੀ ਨਜ਼ਰ ਪਏ। ਕੀਰਤਨ ਸਮਾਪਤੀ ਤੇ ਮੈਂ ਸੰਤ ਅਮਰ ਸਿੰਘ ਨੂੰ ਪੁਛਿਆ :

"ਕੀ ਹਾਲ ਹੈ ਜੀਵਨ ਨਗਰ ਦਾ ?"

"ਸਭ ਠੀਕ ਹੈ !"

"ਸਤਿਗੁਰਾਂ ਦੇ ਵਾਰੰਟਾਂ ਦਾ ਕੀ ਬਣਿਆ ?"

"ਵਾਪਸ ਹੋ ਜਾਣਗੇ।"

"੧੭ ਤਾਰੀਖ ਕੈਸੀ ਰਹੀ ?"

"ਕੋਈ ਚਿੰਤਾ ਵਾਲੀ ਗੱਲ ਨਹੀਂ।"

ਸ਼ਾਮੀਂ ਜਦੋਂ ਹਰਭਜਨ ਸਿੰਘ ਸਿਤਾਰ ਅਤੇ ਮੈਂ ਕਟਾਣੀ ਵੱਲ ਜਾਂਦੀ ਸੜਕ ਤੇ ਸੈਰ ਕਰਨ ਲਈ ਨਿਕਲੇ ਤਾਂ ਸੰਤ ਮਹਿੰਦਰ ਸਿੰਘ ਪੁਰਵਾ ਤੋਂ ਪਤਾ ਲਗਾ ਕਿ ਸੰਤ ਅਮਰ ਸਿੰਘ ਸਤਿਗੁਰੂ ਜੀ ਨੂੰ ਜੀਵਨ ਨਗਰ ਇਲਾਕੇ ਦੀ ਰਿਪੋਰਟ ਦੇ ਰਿਹਾ ਹੈ।

## ਬੱਚਿਆਂ ਨੂੰ ਪਿਆਰੀ ਝਿੜਕ

ਸ਼ਾਮ ਦੇ ਦੀਵਾਨ ਉਪਰੰਤ ਸਤਿਗੁਰੂ ਜੀ ਦੇ ਸਾਹਵੇਂ ਸੰਗੀਤ ਸਿਖਦੇ ਪਹਿਲੀ ਪਾਲ ਦੇ ਬੱਚੇ ਖੜੇ ਹੋਏ ਤੇ ਉਹਨਾਂ ਸਤਿਗੁਰਾਂ ਪਾਸੋਂ ਹੱਥ ਜੋੜ ਕੇ ਖਿਮਾ ਮੰਗੀ। ਉਹ ਅੱਜ ਆਪਣੇ ਉਸਤਾਦ ਹਰਭਜਨ ਸਿੰਘ (ਜਿਸਨੂੰ ਮੈਂ ਆਪ ਕਰਕੇ 'ਸਿਤਾਰ' ਲਿਖਦਾ ਹਾਂ, ਕਿਉਂਕਿ ਉਹ ਸਿਤਾਰ ਵਜਾਂਦਾ ਹੈ) ਦੇ ਰੋਕਣ ਤੇ ਵੀ ਲੁਧਿਆਣੇ ਚਲੇ ਗਏ ਸਨ। ਸਵੇਰ ਦੇ ਗਏ ਹੋਏ ੪ ਵਜੇ ਵਾਪਸ ਪਹੁੰਚੇ ਸਨ। ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਖਿਮਾ ਕਰਦਿਆਂ ਸਮਝਾਇਆ : ਇਸ ਵਾਰ ਤੁਹਾਨੂੰ ਕੁਛ ਨਹੀਂ ਕਹਿੰਦਾ। ਪਰ ਤੁਸੀਂ ਜੋ ਕਰਦੇ ਓ ਠੀਕ ਨਹੀਂ। ਤੁਹਾਡੀ ਰੋਟੀ ਖਾਣੀ ਵੀ ਬੰਦ ਕਰਨ ਨੂੰ ਜੀ ਨਹੀਂ ਕਰਦਾ, ਪਰ ਤੁਸੀਂ ਹੋ ਕਿ ਭੁਲ ਭੁਲ ਜਾਂਦੇ ਓ। ਹਰਭਜਨ ਸਿੰਘ ਦੇ ਰੋਕਣ ਦੀ ਵੀ ਤੁਸਾਂ ਪਰਵਾਹ ਨ ਕੀਤੀ। ਇਸ ਤਰਾਂ ਆਗਿਆ ਕੀਤੀਆਂ ਮਰਿਆਦਾ ਟੁਟ ਜਾਂਦੀ ਹੈ। ਫੇਰ ਨਾ ਇੰਜ ਕਰਨਾ।

ਸਤਿਗੁਰੂ ਜੀ ਦੇ ਚਰਨਾਂ ਵਿਚ ਮੈਂ ਪਹਿਲੀ ਵਾਰ ਅੱਜ ਉਣੀਆਂ ਹੋਈਆਂ ਜਰਾਬਾਂ ਵੇਖੀਆਂ। ਭੇਟਾਕਾਰ ਨੇ ਬੜੀ ਸਿਆਣਪ ਨਾਲ ਉਂਗਲਾਂ ਪਾਸੋਂ ਜਰਾਬਾਂ ਕਟ ਕੇ ਸੀਤੀਆਂ ਹੋਈਆਂ ਸਨ, ਅੰਗੂਠੇ ਨੂੰ ਵਖ ਕਰਨ ਲਈ ਤਾਕਿ ਪਊਏ ਪਾਣ ਲਗਿਆਂ ਅੰਗੂਠਾ ਖੂੰਟੀ ਨਾਲ ਉਂਗਲਾਂ ਦੀ ਜਕੜ ਮਜ਼ਬੂਤ ਕਰ ਸਕੇ। ਇਸ ਤੋਂ ਪਹਿਲਾਂ ਸੰਤ ਅਨੰਤਾ ਸਿੰਘ—ਜਗਤ ਸਿੰਘ ਭੈਣੀ ਸਾਹਿਬ ਵਾਲਿਆਂ ਦੀਆਂ ਕਪੜੇ ਦੀਆਂ ਜਰਾਬਾਂ ਹੀ ਪਹਿਨੀਆਂ ਜਾਂਦੀਆਂ ਸਨ।

## ੨੨ ਮਾਰਚ ੧੯੭੮, ਬੁਧਵਾਰ
## ਸ੍ਰੀ ਭੈਣੀ ਸਾਹਿਬ

ਹਰੀ ਮੰਦਰ ਵਿਚ ਆਸਾ ਦੀ ਵਾਰ ਦਾ ਕੀਰਤਨ ਨਿਤ ਵਾਂਗ ਹੋਇਆ। ਸਤਿਗੁਰੂ ਜੀ ਦੇ ਨਿਕਟ ਹੇਠ ਲਿਖੇ



Sri Satguru Jagjit Singh Ji Elibrary NamdhariElibrary@gmail.com

ਸਿੰਘਾਂ ਨੂੰ ਬੈਠਣ ਦਾ ਮਾਣ ਪ੍ਰਾਪਤ ਹੈ : ਠਾਕਰ ਉਦੇ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ, ਸੂ. ਅਵਤਾਰ ਸਿੰਘ ਅਮ੍ਰਿਤਸਰੀ, ਸੰਤ ਦਲੀਪ ਸਿੰਘ ਨਿਰੀਖਿਅਕ, ਸੰਤ ਬਲਕਾਰ ਸਿੰਘ ਭੈਰੂਰ, ਸੂਬਾ ਮੇਲਾ ਸਿੰਘ, ਸ੍ਰੀ ਨਰੈਣ ਸਿੰਘ ਸਪੁਤਰ ਗਿ: ਜਸਵੰਤ ਸਿੰਘ, ਪੰ: ਗੋਪਾਲ ਸਿੰਘ, ਸ੍ਰੀ ਸਵਰਨ ਸਿੰਘ ਸਨੇਹੀ, ਸੰਤ ਅਮਰ ਸਿੰਘ ਨੰਬਰਦਾਰ, ਸੰਤ ਕਿਰਪਾਲ ਸਿੰਘ ਝੱਬਰ, ਡਾ: ਤ੍ਰਿਲੋਕ ਸਿੰਘ ।

ਆਸਾ ਦੀ ਵਾਰ ਪਿਛੋਂ ਬਸੰਤ ਦੇ ਸ਼ਬਦ ਸੁਣਨ ਉਪਰੰਤ ਕਾਕਾ ਸੁਖਵਿੰਦਰ ਸਿੰਘ ਪਿੰਕੀ ਤੋਂ ਤਬਲੇ ਦਾ ਸੋਲੋ ਵਾਦਨ ਵਾਰ ਦੇ ਕੀਰਤਨ ਸਮੇਂ ਤਿੰਨ ਤਬਲਾ ਨਿਵਾਜ਼ ਸਨ : ਸੰਤ ਖਜ਼ਾਨ ਸਿੰਘ ਰਾਗੀ, ਸੁਖਦੇਵ ਸਿੰਘ ਧੁੱਖੀ ਸਪੁਤਰ ਸੰਤ ਕਸ਼ਮੀਰ ਸਿੰਘ ਅਤੇ ਪਿੰਕੀ ਸੁਖਵਿੰਦਰ ਸਿੰਘ ।

ਸਵੇਰ ਦੇ ਦੀਵਾਨ ਦੀ ਅਰਦਾਸ ਪੰ: ਗੋਪਾਲ ਸਿੰਘ ਨੇ ਕੀਤੀ ਜਿਸ ਵਿਚ ਸ੍ਰੀ ਜਰਨੈਲ ਸਿੰਘ ਦੇ ਘਰ ਲੜਕਾ ਹੋਣ ਲਈ ਮੰਗ ਮੰਗੀ ਗਈ ।

ਸਤਿਗੁਰੂ ਜੀ ਨੇ ਕਾਕਾ ਬਲਜੀਤ ਸਿੰਘ ਨੂੰ ਆਪਣੇ ਕਰ ਕਮਲਾਂ ਨਾਲ ਬਸੰਤ ਦੀ ਵਾਰ ਸ਼ੁਧ ਰੂਪ ਵਿਚ ਯਾਦ ਕਰਨ ਲਈ ਲਿਖ ਕੇ ਦਿਤੀ । ਹਰਿ ਮੰਦਰ ਵਿਚ ਹੀ ਕਿਸੇ ਸਿੰਘ ਦੀ ਇਕ ਬਹੁਤ ਲੰਮੀ ਪਤ੍ਰਿਕਾ ਦਾ ਪਾਠ ਕੀਤਾ । ਬੱਚਿਆਂ ਨੂੰ ਆਗਿਆ ਕੀਤੀ ਕਿ ੯ ਵਜੇ ਤਕ ਸ਼ੁਧ ਰੂਪ ਸ਼ਬਦ ਵਿਚ ਸੁਣਾਨ ।

੭.੪੫ ਵਜੇ ਸਵੇਰੇ ਅਸੀਂ ਕੁਛ ਲੋਕ ਸਤਿਗੁਰੂ ਜੀ ਦੀ ਸੇਵਾ ਵਿਚ ਜਾ ਜੁੜੇ । ਸਤਿਗੁਰੂ ਜੀ ਪੁਰਾਣੀ ਕੋਠੀ ਦੇ ਚੜ੍ਹਦੇ ਪਾਸੇ ਵਿਛੀਆਂ ਸਫਾਂ ਉਤੇ ਅਪਣੇ ਆਸਣ ਉਤੇ ਵਿਰਾਜਮਾਨ ਸਨ । ਸਾਹਮਣੀ ਸਫ਼ ਤੇ ਸਨ : ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਮਨੋਹਰ ਸਿੰਘ ਸੰਤ ਨਗਰ, ਮਾਸਟਰ ਹਰਬੰਸ ਸਿੰਘ, ਸੰਤ ਆਤਮਾ ਸਿੰਘ ਪੰਨਵ ਦਿੱਲੀ, ਸੰਤ ਬਲਕਾਰ ਸਿੰਘ ਮਿਰਚਾ ਪੁਰ ਬੇੜ, ਸੰਤ ਅਮਰ ਸਿੰਘ ਜੀਵਨ ਨਗਰ, ਸ੍ਰੀ ਦਲੀਪ ਸਿੰਘ 'ਨਿਰੀਖਿਅਕ' ਇਹਨਾਂ ਨੇ ਸੰਤ ਬਲਕਾਰ ਸਿੰਘ ਦੇ ਜ਼ਮੀਨ ਦੇ ਸੌਦੇ ਵਾਸਤੇ ਇਕ ਡ੍ਰਾਫਟ ਅਮਰ ਸਿੰਘ ਨੰਬਰਦਾਰ ਨੂੰ ਦਿਤਾ । ਮਾਤਾ ਜੀ ਅਤੇ ਅਵਤਾਰ ਸਿੰਘ ਅਮ੍ਰਿਤਸਰੀ ਸਤਿਗੁਰੂ ਜੀ ਵਾਲੇ ਪਾਸੇ ਖਲੋਤੇ ਹੋਏ ਸਨ ।

ਸਤਿਗੁਰੂ ਜੀ ਪਾਸ ਠਾਕਰ ਦਲੀਪ ਸਿੰਘ ਆਏ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਸੰਤ ਮੱਲ ਸਿੰਘ ਅਤੇ ਸੰਤ ਸ਼ਿੰਗਾਰਾ ਸਿੰਘ ਆਗਤ ਭਾਗਤ ਦੀ ਫੋਟੋ ਲਾਹੁਣ ਦੀ ਆਗਿਆ ਕੀਤੀ । ਮੈਨੂੰ ਦਸਿਆ ਕਿ ਵਿਸ਼ਵ ਸ਼ਾਕਾਹਾਰੀ ਸਮੇਲਨ ਵਾਲਿਆਂ ਨੂੰ ਵਖਾਣਾ ਸੀ ਕਿ ਸਾਡੇ ਪਾਸ, ਅਹਿੰਸਕ ਵਤੀਰੇ ਕਾਰਨ, ਡਰਨ ਵਾਲੇ ਪੰਛੀ ਵੀ ਨਿਡਰ ਹੋ ਕੇ ਸਾਡੇ ਇਹਨਾਂ ਸਿੰਘਾਂ ਪਾਸੋਂ ਹਥੀ ਖਾਣਾ ਖਾਂਦੇ ਹਨ । ਸਤਿਗੁਰੂ ਜੀ ਨੇ ਦੱਸਿਆ ਕਿ ਸੰਤ ਮੱਲ ਸਿੰਘ (ਰਾਈਆਂ) ਦੇ ਹਥੋਂ ਥੋੜਾ ਥੋੜਾ ਕਰਕੇ ਮੋਰ ਡੇਢ ਪ੍ਰਸ਼ਾਦਾ ਖਾ ਜਾਂਦਾ ਹੈ । ਇਸੇ ਤਰ੍ਹਾਂ ਸ਼ਿੰਗਾਰਾ ਸਿੰਘ ਪਾਸੋਂ ਵੀ ਮੋਰ ਆਕੇ ਦਾਣਾ-ਰੋਟੀ ਖਾ ਜਾਂਦੇ ਹਨ ।

ਏਥੇ ਬੈਠਿਆਂ ਹੀ ਸਤਿਗੁਰੂ ਜੀ ਨੇ ਸੰਤ ਆਤਮਾ ਸਿੰਘ ਪਨੰਵ ਅਤੇ ਸ੍ਰੀ ਦਲੀਪ ਸਿੰਘ ਨਿਰੀਖਿਅਕ ਨਾਲ ਕੋਈ ਪਰਵਾਰਕ ਪਰ ਵਖਰਿਆਂ ਗੱਲਬਾਤ ਕੀਤੀ । ਸਤਿਗੁਰੂ ਜੀ ਨੇ ਸਾਨੂੰ ਤੋਰਨ ਲਈ ਕਿਹਾ : ਹੁਣ ਤੁਸੀਂ ਸਾਰੇ ਚਲੋ । ਮੇਰੀ ਕਈਆਂ ਦਿਨਾਂ ਦੀ ਅਟਕੀ ਹੋਈ ਗੱਲ ਹੁਣ ਆਤਮਾ ਸਿੰਘ ਅਤੇ ਦਲੀਪ ਸਿੰਘ ਨਾਲ ਹੋਣੀ ਹੈ । ਇਹ ਨਹੀਂ ਪਤਾ ਕਿ ਉਨ੍ਹਾਂ ਦੀ ਕੋਈ ਪਰਸਪਰ ਗੱਲ ਸਤਿਗੁਰੂ ਜੀ ਦੇ ਸਾਹਵੇਂ ਹੋਣੀ ਹੈ ਜਾਂ ਸਤਿਗੁਰੂ ਜੀ ਨੇ ਹੀ ਇਹਨਾਂ ਨਾਲ ਕੁਛ ਵਿਚਾਰ ਵਟਾਂਦਰਾ ਕਰਨਾ ਹੈ । ਲੱਛਣਾਂ ਤੋਂ ਜਾਪਦਾ ਸੀ ਗੱਲਬਾਤ ਪਰਵਾਰਕ ਮਸਲੇ ਉਤੇ ਹੋਵੇਗੀ ।

ਕੋਠੀਓਂ ਬਾਹਰ ਆਕੇ ਸੰਤ ਮਨੋਹਰ ਸਿੰਘ ਨੂੰ ਮੈਂ ਪੁਛਿਆ ਕਿ ਹਜ਼ੂਰੀ ਸੇਵਕ ਬਲਕਾਰ ਸਿੰਘ ਨਾਲ ਇਹ ਡਰਾਫਟ ਦਾ ਲੈਣ ਦੇਣ ਕੀ ਸੀ । ਉਸਨੇ ਦਸਿਆ ਕਿ ਬਲਕਾਰ ਸਿੰਘ ਨੇ ੧੯ ਏਕੜ ਜ਼ਮੀਨ ਦਾ ਸੌਦਾ ਕੀਤਾ ਹੈ ਅਸਾ ਭਰਾਵਾਂ, ਇਹ ਉਸ ਬਾਰੇ ਲਿਖਤ ਪੜ੍ਹਤ ਸੀ । ਸਤਿ-ਗੁਰੂ ਜੀ ਦੇ ਸਾਹਵੇਂ ਕਾਗਜ਼ੀ ਲੈਣ ਦੇਣ ਦਾ ਕਾਰਨ ਹੈ ਕਿ ਕੋਈ ਵਾਅਦਿਓਂ ਨਾ ਮੁਕਰੇ ।

੮.੩੦ ਵਜੇ ਮੈਂ ਸ੍ਰੀ ਹਰਭਜਨ ਸਿੰਘ ਸਿਤਾਰ ਦਾ ਪਤਾ ਕਰਨ ਆਇਆ ਤਾਂ ਉਹ ੮ ਛੋਟੇ ਬਚਿਆਂ ਨੂੰ ਰਾਗ ਸਿਖਾ ਰਿਹਾ ਸੀ । ਪਾਸ ਬੈਠੇ ਸਨ ਵਡੇ ਠਾਕਰ ਜੀ, ਸੰਤ ਸਤਨਾਮ ਸਿੰਘ ਅਤੇ ਮਾਸਟਰ ਹਰਬੰਸ ਸਿੰਘ । ਏਨੇ ਨੂੰ ਪੂਰਬਾ ਮਹਿੰਦਰ ਸਿੰਘ ਨੇ ਆ ਸੁਨੇਹਾ ਦਿਤਾ : ਸਤਿਗੁਰੂ ਜੀ ਹਰਭਜਨ ਸਿੰਘ, ਮੋਹਣ, ਸੁਖਦੇਵ, ਪਿੰਕੀ ਤੇ ਬਲਜੀਤ ਨੂੰ ਬੁਲਾ ਰਹੇ ਹਨ, ਚਲੋ ਛੇਤੀ ।

ਸਤਿਗੁਰੂ ਜੀ ਦੀ ਕੋਠੀ ਜਿਸਦੇ ਉਪਰਲੇ ਕਮਰਿਆਂ ਵਿਚ ਪੌੜੀ ਦੇ ਨਾਲ ਲਗਦਾ ਕਮਰਾ ਸਤਿਗੁਰੂ ਜੀ ਵਾਸਤੇ ਅਤੇ ਦੋ ਚੜ੍ਹਦੇ ਪਾਸੇ ਵਾਲੇ ਬੀਬਾ ਜੀ ਲਈ ਹਨ ਇਸ ਵਕਤ ਸੁਖਦ ਆਲੇ ਦੁਆਲੇ ਵਿਚ ਹੈ । ਪੂਰਬੀ ਪਾਸੇ, ਹੇਠਾਂ,



Sri Satguru Jagjit Singh Ji Elibrary NamdhariElibrary@gmail.com

ਘਾਹ ਕਿਤਾ ਹੈ ਦੁਆਲੇ ਫੁਲਾਂ ਦੇ ਬੂਟੇ ਹਨ ਜੋ ਅਜੇ ਵਿਕਾਸ ਕਰਨੇ ਹਨ ।ਏਸ ਖਿਤੇ ਵਿਚ ਪਹਿਲਾਂ ਵਡੇ ਵਡੇ ਰੁਖ ਅਤੇ ਸੰਤਰੇ ਮਾਲਟਿਆਂ ਦੇ ਬੂਟੇ ਹੋਇਆ ਕਰਦੇ ਸਨ । ਪਰ ਹੁਣ ਵਡੇ ਬੂਟਿਆਂ ਤੇ ਰੁਖਾਂ ਨੂੰ ਛਟੀ ਦੇ ਜਗਹ ਵੇਹਲੀ ਕਰ ਦਿਤੀ ਗਈ ਹੈ ।

ਸਤਿਗੁਰੂ ਜੀ ਅਮਰ ਸਿੰਘ ਨੰਬਰਦਾਰ ਨਾਲ ਨਿਕੇ ਨਿਕੇ ਵਿਨੋਦ ਕਰ ਰਹੇ ਸਨ । ਵੇਲਾ ਵੇਖਕੇ ਨੰਬਰਦਾਰ ਨੇ ਕਿਹਾ : ਰਾਗ ਵੀ ਕੰਦੀ ਕੰਮ ਹੈ ? ਦੋ ਮਿੰਟ ਦੀ ਵਾਹ ਵਾਹ ਹੀ ਹੁੰਦੀ ਹੈ । ਸਤਿਗੁਰੂ ਜੀ ਬੋਲੇ : ਅਮਰ, ਕਈ ਕੰਮ, ਦੋ ਮਿੰਟ ਲਈ, ਮਜਬੂਰੀ ਵੀ ਕਰਨੇ ਪੈਂਦੇ ਹਨ । ਜੇ ਵੇਖੀਏ ਤਾਂ ਦੋ ਮਿੰਟਾਂ ਦਾ ਜ਼ਿੰਦਗੀ ਵਿਚ ਅਤੇ ਜ਼ਿੰਦਗੀ ਲਈ ਤਕੜਾ ਮਹੱਤਵ ਹੈ ।

੮.੪੫ ਹੋ ਚੁਕੇ ਸਨ । ਮੇਰੇ ਪਾਸ ਖਲੋਤੇ ਪੁਰਬਾ ਨੇ ਨਿੱਛ ਮਾਰੀ । ਮੈਂ ਇਸ ਵੇਲੇ ਸਤਿਗੁਰੂ ਪ੍ਰਤਾਪ ਸਿੰਘ ਦੇ ਲਗਵਾਏ ਚੀਲ਼ ਦੇ ਬੂਟੇ ਦੀ ਉਚਾਈ ਵੇਖ ਰਿਹਾ ਸਾਂ । ਸਤਿਗੁਰਾਂ ਨੋਟਿਸ ਇਸ ਤਰ੍ਹਾਂ ਲਿਆ : ਹੈਰਾਨੀ ਹੈ, ਉਪਰ ਨੂੰ ਵੇਖਿਆ ਤਾਂ ਕਈ ਹੁਰਾਂ ਹੈ ਪਰ ਨਿੱਛ ਪੁਰਬੇ ਨੂੰ ਆ ਗਈ ਹੈ ।

ਡਾਕਟਰ ਤ੍ਰਿਲੋਕ ਸਿੰਘ ਹੁਰਾਂ ਦੂਰੋਂ ਹੀ ਸ੍ਰੀ ਸਤਿਗੁਰੂ ਜੀ ਨੂੰ ਸਾਦਰ ਨਮਸਕਾਰ ਕੀਤੀ । ਸਤਿਗੁਰਾਂ ਫ਼ਰਮਾਇਆ : ਕੋਲ ਆ ਜਾਉ । ਡਾਕਟਰ ਜੀ ਆਕੇ ਬੈਠੇ ਤਾਂ ਸਤਿਗੁਰਾਂ ਭੈਣੀ ਸਾਹਿਬ ਵਿਚ ਡਾਕਟਰ ਅਧੀਨ ਕੱਲੇ ਕੱਲੇ ਰੋਗੀ ਦੀ ਜਾਣਕਾਰੀ ਹਾਸਲ ਕੀਤੀ ।

ਨੰਬਰਦਾਰ ਅਮਰ ਸਿੰਘ ਦੀ ਕਿਸੇ ਕੀਤੀ ਗੱਲ ਉਤੇ ਸਤਿਗੁਰਾਂ ਟਿੱਪਣੀ ਕੀਤੀ : ਇਹ ਨਾ ਅਪਣਾ ਲਿਹਾਜ ਰਖਦਾ ਹੈ ਨਾ ਕਿਸੇ ਹੋਰ ਦਾ ।

ਸਤਿਗੁਰੂ ਜੀ ਨੇ ਡਾਕਟਰ ਤ੍ਰਿਲੋਕ ਸਿੰਘ ਨੂੰ ਗੁੜਾਂ ਦੀ ਤਾਸੀਰ ਬਾਰੇ ਦੱਸਿਆ : ਯੂ. ਪੀ. ਦਾ ਗੁੜ ਹੋਰ ਸੁਭਾਅ ਰਖਦਾ ਹੈ, ਪਰ ਸਾਡਾ ਏਥੋਂ ਦਾ ਗੁੜ ਖਾਰਾ ਹੁੰਦਾ ਹੈ । ਇਹਦੇ ਟਾਕਰੇ ਤੇ ਬੈਂਗਲੌਰ ਦਾ ਗੁੜ ਏਨਾ ਵਧੀਆ ਹੁੰਦਾ ਹੈ ਕਿ ਸਾਧ ਸੰਗਤ ਉਸ ਨਾਲ ਬਣੀ ਹੋਈ ਕੋਈ ਵੀ ਚੀਜ਼ ਬੜੇ ਪ੍ਰੇਮ ਨਾਲ ਛਕਦੀ ਹੈ ।

ਡਾਕਟਰ ਜੀ ਉਠ ਕੇ ਤੁਰੇ ਤਾਂ ਸੂਬਾ ਦੀਵਾਨ ਸਿੰਘ ਡਾਲਟਨ ਗੰਜ ਵਾਲਾ ਮੱਥਾ ਟੇਕ ਕੇ ਕੋਲ ਆ ਬੈਠਾ । ਗੁਰਮੁਖ ਸਿੰਘ ਡਰਾਟੀਵਰ ਨੂੰ ਕਿਸੇ ਤਬਲੇ ਵਾਲੇ ਵੱਲ ਤੋਰ ਸਤਿਗੁਰਾਂ ਦੀਵਾਨ ਸਿੰਘ ਜੀ ਦੀ ਸੁਖ ਅਨੰਦ ਪੁੱਛੀ ।

ਸੰਗੀਤਕਾਰਾਂ ਲਈ ਘਾਹ ਕਿਤੇ ਵਿਚ ਸਫ ਵਿਛਾਈ ਗਈ ਸੀ । ਸਤਿਗੁਰਾਂ ਵਾਲੀ ਸਫ ਵੀ ੯.੧੫ ਵਜੇ ਇਸ ਦੇ ਕੋਲ ਆ ਵਿਛੀ । ਏਨੇ ਨੂੰ ਜਥੇਦਾਰ ਮੇਲਾ ਸਿੰਘ ਰਛੀਨ ਆ ਗਿਆ । ਮੱਥਾ ਟੇਕ ਕੇ ਬੈਠਾ ਤਾਂ ਸਤਿਗੁਰੂ ਜੀ ਨੇ ਹੌਲੀ ਆਵਾਜ਼ ਵਿਚ ਉਸਦੀ ਸੁਣੀ ਤੇ ਆਪਣੇ ਆਦੇਸ਼ ਦਿਤੇ ।

ਫਿਰ ਸੰਗੀਤਕਾਰ ਆ ਗਏ : ਹਰਭਜਨ ਸਿੰਘ, ਛੋਟੇ ਠਾਕਰ, ਪਿੰਡੀ ਸੁਖਵਿੰਦਰ ਸਿੰਘ, ਅਮਰਜੀਤ, ਸੁਰਿੰਦਰ ਸਿੰਘ, ਮੋਹਣ ਸਿੰਘ । ਸੰਤ ਗੁਰਬਚਨ ਸਿੰਘ ਖਾਪੜ ਖੇੜੀ ਦੇ ੩ ਸਾਲ ਦੇ ਇਕ ਲੜਕੇ ਨੇ ਦੋ ਡੱਬੇ ਤਬਲੇ ਵਾਂਗ ਵਜਾਕੇ ਸਤਿਗੁਰੂ ਜੀ ਨੂੰ ਇਕ ਸ਼ਬਦ ਸੁਣਾਇਆ । ਸੱਚੇ ਪਾਤਸ਼ਾਹ ਤੇ ਸੰਗਤ ਛੋਟੇ ਜਿਹੇ ਬੱਚੇ ਦਾ ਉਦਮ, ਉਤਸ਼ਾਹ ਤੇ ਤਬਲਾ ਵਾਦਨ ਵੇਖ ਸ਼ਬਦ ਸੁਣ ਹਸ ਹਸ ਦੂਹਰੇ ਹੋ ਰਹੇ ਸਨ, ਪਰ ਬੱਚੇ ਦੀ ਸਿਹਤ ਤੇ ਕੋਈ ਅਸਰ ਨਹੀਂ । ਉਹ ਰਿਕਾਰਡ ਦੀ ਸੂਈ ਵਾਂਗ ਸ਼ਬਦ ਮੁਕਾ ਕੇ ਹੀ ਹਟਿਆ । ਸ਼ਬਦ ਉਸਨੇ ਕੀ ਪੜ੍ਹਿਆ ਮੈਨੂੰ ਤਾਂ ਕੱਖ ਸਮਝ ਨਹੀਂ ਆਈ ਪਰ ਸਤਿਗੁਰੂ ਜੀ ਗੰਵੇਂ ਜਾ ਰਹੇ ਸ਼ਬਦ ਨੂੰ ਵੀ ਖ਼ੂਬ ਸਮਝ ਰਹੇ ਸਨ । ਕਾਕੇ ਨੇ ਦੋ ਤਿੰਨ ਸ਼ਬਦ ਉੱਤੇ-ੜ੍ਹੱਤੀ ਸੁਣਾਏ । ਮਾਤਾ ਪਿਤਾ ਦੀ ਮਿਹਨਤ ਦਾ ਪਤਾ ਲਗ ਰਿਹਾ ਸੀ ਇਹ ਕਾਕਾ ਬਲਜੀਤ ਸਿੰਘ (ਹੁਣ ਤਾਰ ਸ਼ਹਿਨਾਈ ਵਾਦਕ) ਦਾ ਸਕਾ ਭਾਈ ਹੈ ।

---

**ਸੰਪਾਦਕ ਵਲੋਂ ਟਿਪਣੀ :—ਮਾਰਚ ੧੯੯੩ ਅੰਕ ਵਿਚ ਅਸੀਂ ਨੋਟ ਲਿਖਿਆ ਸੀ 'ਮੁੜ ਪਹਿਲਾ ਪੁਰਾਣਾ ਖਰੜਾ ਉਤਲਭਦ ਹੋਣ ਕਰਕੇ ਮਾਰਚ ਅੰਕ ਤੋਂ ਮੁੜ ੭ ਮਾਰਚ ੧੯੭੮ ਦਾ ਪਰਸੰਗ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਸੀ । ਉਹ ਪਰਸੰਗ ਪੂਰਾ ਹੋ ਗਿਆ ਹੈ ਅਤੇ ਇਹਨਾਂ ਸਤਰਾਂ ਤੋਂ ਬਾਅਦ ਮੁੜ ਫਰਵਰੀ ਅੰਕ ਤੋਂ ਟੁਟਿਆ ਪਰਸੰਗ ਸ਼ੁਰੂ ਹੁੰਦਾ ਹੈ ।**

**੨੩ ਮਾਰਚ ੧੯੭੮ ਵੀਰਵਾਰ ਸ੍ਰੀ ਭੈਣੀ ਸਾਹਿਬ :**

---

**ਸ਼ਾਮ ਦਾ ਦੀਵਾਨ**

ਰਾਗੀਆਂ ਵਿਚ ਅੱਜ ਵਿਸ਼ੇਸ਼ ਵਾਧਾ ਸਾਡੇ ਸਹਿਪਾਠੀ ਸ੍ਰੀ ਹਜ਼ੂਰ ਸਿੰਘ ਹੰਦਰਹਾਂਸ ਨਾਲ ਹੋ ਗਿਆ । ਸਤਿਗੁਰਾਂ ਆਪਣਾ ਦਿਲਰੁਬਾ ਸੁਰ ਕਰਨਾ ਸ਼ੁਰੂ ਕੀਤਾ । ਤੇ ਤਬਲਚੀ ਮੌਜੂਦ ਸਨ, ਸੰਤ ਖਜ਼ਾਨ ਸਿੰਘ ਰਾਗੀ, ਸ੍ਰੀ ਜਸਪਾਲ ਸਿੰਘ ਹੁਸ਼ਿਆਰਪੁਰੀ ਅਤੇ ਸ੍ਰੀ ਸੁਖਵਿੰਦਰ ਸਿੰਘ ਪਿੰਕੀ । ਸਤਿਗੁਰੂ ਜੀ ਨੇ ਚੌਥੇ ਤਬਲਚੀ ਸ੍ਰ. ਅਵਤਾਰ ਸਿੰਘ ਨੂੰ ਵੀ ਚੇਤੇ ਕੀਤਾ ਪਰ ਉਹ ਮੌਕੇ ਉਤੇ ਹੈ ਨਹੀਂ ਸੀ । ਫਿਰ ਆਪ ਹੀ



Sri Satguru Jagjit Singh Ji Elibrary NamdhariElibrary@gmail.com

ਉੱਤਰ ਦਿਤਾ : ਸਵੇਰੇ ੫ ਵਜੇ ਤੋਂ ਗੱਡੀ ਚਲਾ ਰਿਹਾ ਹੈ ਤੇ ਸ਼ਾਮ ਦੇ ੫.੩੦ ਤਕ ਚਲਾਂਦਾ ਹੀ ਰਿਹਾ ਹੈ, ਕਿਤੇ ਨੀਂਦ ਪੂਰੀ ਕਰਨ ਲਈ ਪੈ ਗਿਆ ਹੋਵੇਗਾ। ਮਾਤਾ ਚੰਦ ਕੌਰ ਜੀ ਦੇ ਭਤੀਜੇ, ਸੰਤ ਬਲੀ ਸਿੰਘ ਦੇ ਲੜਕੇ ਅਮਰਜੀਤ ਸਿੰਘ (੮) ਅੰਬੇ ਨੇ ਪਹਿਲੀ ਵਾਰ ਏਨੀ ਸੰਗਤ ਵਿਚ ਸ਼ਬਦ ਸੁਣਾਇਆ—

ਗੁਰੁ ਗੁਰੁ ਕਰਤ ਸਦਾ ਸੁਖ ਪਾਇਆ।

ਪੂਰਾ ਪਾਠ :

ਗੁਰੁ ਗੁਰੁ ਕਰਤ ਸਦਾ ਸੁਖ ਪਾਇਆ।
ਦੀਨ ਦਇਆਲ ਪ੍ਰਭ ਭਏ ਕਿਰਪਾਲ
ਅਪਨਾ ਨਾਮੁ ਆਪਿ ਜਪਾਇਆ। ੧। ਰਹਾਉ।
ਸੰਤ ਸੰਗਤਿ ਮਿਲਿ ਭਇਆ ਪ੍ਰਗਾਸ।
ਹਰਿ ਹਰਿ ਜਪਤ ਪੂਰਨ ਭਈ ਆਸ।
ਸਰਬ ਕਲਿਆਣ ਸੂਖ ਮਨਿ ਵੂਠੇ।
ਹਰਿ ਗੁਣ ਗਾਏ ਗੁਰ ਨਾਨਕ ਤੂਠੇ ।। ੨ ।। ੧੨ ।।
[ਪ੍ਰਭਾਤੀ ਮਹਲਾ ੫, ਆਦਿ ਗ੍ਰੰਥ, ਪੰਨਾ ੧੩੪੧

ਤਬਲਾ ਪਿੰਕੀ, ਦਿਲਰੁਬਾ ਸਤਿਗੁਰੂ ਜੀ। ਤੇ ਠਾਕਰ ਉਦੇ ਸਿੰਘ ਜੀ ਦਾ ਦਿਲਰੁਬਾ ਵੀ ਨਾਲ ਸੁਰ ਹੋ ਕੇ ਵਜਣ ਲਗ ਪਿਆ। ਸਤਿਗੁਰੂ ਜੀ ਦੀ ਪ੍ਰੇਰਣਾ ਦੀ ਇਹ ਕਰਾਮਾਤ ਹੈ ਕਿ ਜੱਟਾਂ ਦੇ ਪੁੱਤਰ ਤੇ ਫਿਰ ਸੁਧੇ ਮਲਵਈ ਸਿੰਘਾਂ ਦੇ ਪੁੱਤਰ ਨੂੰ ਮੁਢੋਂ ਹੀ ਸੰਗੀਤ ਦਾ ਰੰਗ ਚਾੜ ਦਿਤਾ ਹੈ। ਬੱਚੇ ਨੇ ਮੰਗਲਾ ਚਰਣ ਕਰਕੇ ਸ਼ਬਦ ਛੁਹਿਆ। ਸਫੈਦ ਬਸਤਰ, ਸਿੱਧੀ ਦਸਤਾਰ, ਗਲ ਸਫੈਦ ਮਾਲਾ, ਗੋਲ੍ਹਾ ਜਿਹਾ ਲੜਕਾ ਬਹਾਰ ਦੀਆਂ ਸੁਰਾਂ ਵਿਚ ਤਿੰਨ ਤਾਲ ਦੀ ਲੈਅ ਨੂੰ ਪਰੋਂਦਾ ਚਲਾ ਜਾ ਰਿਹਾ ਹੈ। ਹਾਜ਼ਰੀ ਉਤਸੁਕ ਨਜ਼ਰਾਂ ਤੇ ਕੰਨਾਂ ਨਾਲ ਵੇਖ ਸੁਣ ਰਹੀ ਹੈ।

ਸਤਿਗੁਰੂ ਜੀ ਨੇ ਹੋਲੇ ਦੇ ਆਰੰਭ ਤੋਂ ਪਹਿਲੀ ਰਾਤੇ ਦੀਵਾਨ ਵਿਚ, ਵੱਡੇ ਹੋਲੇ ਮੇਲਿਆਂ ਦਾ ਰੰਗ ਬੰਨ੍ਹਣ ਲਈ ਆਪ ਨਗਮੇ ਦੀ ਪਹਿਲ ਕਰਕੇ ਸ਼ਬਦ ਆਰੰਭ ਕੀਤਾ : ਜਿਉ ਜਾਨਉ ਤਿਉ ਤਾਰ ਸੁਆਮੀ। ਰਾਗ ਪਹਾੜੀ ਤਾਲ ਚੰਚਲ; ਦਿਲ ਰੁਬਾਵਾਂ, ਹਾਰਮੋਨੀਅਮ ਅਤੇ ਸੰਤ ਖਜ਼ਾਨ ਸਿੰਘ ਦੇ ਤਬਲੇ ਨੇ ਰੰਗ ਬੰਨ ਦਿਤਾ। ਕੀਰਤਨੀਆਂ ਵਿਚ ਸੰਤ ਦਰਸ਼ਨ ਸਿੰਘ ਰਾਗੀ ਦੇ ਦੋਵੇਂ ਲੜਕੇ ਸ੍ਰੀ ਨਰਿੰਦਰ ਸਿੰਘ ਅਤੇ ਸ੍ਰੀ ਹਰਬੰਸ ਸਿੰਘ ਘੁੱਲਾ ਵੀ ਸਾਮਲ ਹਨ। ਹਰਭਜਨ ਸਿੰਘ ਦਿੱਲੀ ਵਾਲੇ ਵੀ ਦੂਜੇ ਹਾਰਮੋਨੀਅਮ ਦੀਆਂ ਸੁਰਾਂ ਤੇ ਵਾਹਵਾ ਉਂਗਲਾਂ ਚਲਾਈਆਂ।

ਪੂਰਾ ਸ਼ਬਦ ਹੈ :

ਕੁਚਿਲ, ਕਠੋਰ, ਕਪਟ, ਕਾਮੀ।
ਜਿਉ ਜਾਨਹਿ ਤਿਉ ਤਾਰਿ ਸੁਆਮੀ । ੧। ਰਹਾਉ।
ਤੂ ਸਮਰਥੁ ਸਰਨਿ ਜੋਗੁ
ਤੂ ਰਾਖਹਿ ਆਪਨੀ ਕਲਧਾਰਿ । ੧।
ਜਾਪ ਤਾਪ ਨੇਮ ਸੁਚਿ ਸੰਜਮ
ਨਾਹੀ ਇਨ ਬਿਧੇ ਛੁਟਕਾਰ।
ਗਰਤ ਘੋਰ ਅੰਧ ਤੇ ਕਾਢਹੁ ਪ੍ਰਭ
ਨਾਨਕ ਨਦਰਿ ਨਿਹਾਰਿ। ੨। ੮। ੧੯।
[ਕਾਨੜਾ ਮਹਲਾ ੫, ਆਦਿ ਗ੍ਰੰਥ, ਪੰਨਾ ੧੩੦੧

## ਕੋਈ ਛਲ ਨਹੀਂ ਸਕਦਾ

ਸ੍ਰ. ਸਾਧੂ ਸਿੰਘ ਕਿਸਾਨ ਸਪੁਤਰ ਸੰਤ ਤਰਨ ਸਿੰਘ ਵਹਿਮੀ ਅਜ ਆ ਮਿਲਿਆ। ਅਤੇ ਜਦੋਂ ਮੈਂ ਸ਼ਾਮੀ ਸੈਰ ਕਰਨ ਲਈ ਨਿਕਲਿਆ, ਇਹ ਨਾਲ ਸੀ। ਗਲੀਂ ਪਿਆਂ ਉਸ ਕਿਹਾ ਸਤਿਗੁਰੂ ਜਗਜੀਤ ਸਿੰਘ ਨੂੰ ਕੋਈ ਛਲ ਨਹੀਂ ਸਕਦਾ । ਉਨ੍ਹਾਂ ਨੂੰ ਕੋਈ ਆਪਣੇ ਪਿੱਛੇ ਵੀ ਨਹੀਂ ਲਾ ਸਕਦਾ । ਉਹ ਬਹੁਤ ਚੇਤੰਨ ਹਨ । ਜੋ ਕੁਛ ਵਾਪਰਦਾ ਹੈ ਸਮਾਜ ਵਿਚ ਉਹ ਉਨ੍ਹਾਂ ਦੇ ਪ੍ਰਬੰਧ ਤੰਤਰ ਦਾ ਹੀ ਸਿਟਾ ਹੁੰਦਾ ਹੈ। ਉਸਨੇ ਮੇਰੇ ਨਾਲ ਇਸ ਗੱਲ ਦਾ ਦੁੱਖ ਪਰਗਟ ਕੀਤਾ ਕਿ ਜੀਵਨ ਨਗਰ ਦਾ ਇਲਾਕਾ ਸਤਿਗੁਰੂ ਜੀ ਦੀ ਕਿਰਪਾ ਦਾ ਮੁਤਲਾਸ਼ੀ ਹੈ, ਪਰ ਆਪ ਹਨ ਕਿ ਅਜੇ ਉਸ ਇਲਾਕੇ ਲਈ ਪਿਘਲੇ ਨਹੀਂ। ਆਪ ਜਦੋਂ ਚਾਹੁਣ ਉਸ ਇਲਾਕੇ ਵਿਚ ਸੁਖ ਸ਼ਾਂਤੀ ਵਰਤਾ ਸਕਦੇ ਹਨ। ਪਰ ਪਤਾ ਨਹੀਂ ਅਜੇ ਹੋਰ ਕਿੰਨਾ ਕੁ ਚਿਰ ਉਡੀਕ ਕਰਵਾਣੀ ਨੇ।

## ਠਾਕਰ ਉਦੇ ਸਿੰਘ ਜੀ

ਅੱਜ ਮੈਨੂੰ ਕੁਛ ਸਮਾ ਠਾਕਰ ਉਦੇ ਸਿੰਘ ਜੀ ਦੇ ਪਾਸ ਬੈਠਣ ਦਾ ਸਮਾ ਮਿਲਿਆ। ਉਹ ਆਗਤ-ਭਾਗਤ ਨਾਲ ਦੇ ਸੇਠਾਂ ਵਾਲੇ ਚੁਬਾਰੇ ਉਤੇ ਵਰਾਂਡੇ ਦੇ ਨਾਲ ਲਗਦੇ ਅਗਲੇ ਕਮਰੇ ਵਿਚ ਰਹਿੰਦੇ ਹਨ। ਪਰ ਅਜ ਉਹ ਕਮਰਾ ਖਾਲੀ ਕਰਨ ਵਾਲੇ ਹਨ, ਅਸਲੀ ਮਾਲਕਾਂ ਵਾਸਤੇ। ਕਮਰੇ ਵਿਚ ਇਕ ਪਾਸੇ ਤਾਂ 'ਸਪੋਰਟਸ ਵੀਕ' ਵਿਚੋਂ ਚੁਣਵੇਂ ਖਿਡਾਰੀਆਂ ਦੀਆਂ ਫੋਟੋ ਕਢਕੇ ਲਗਾਈਆਂ ਗਈਆਂ ਹਨ। ਇਸਦੀ ਸਾਹਮਣੀ ਦੀਵਾਰ ਤੇ ਫਰੇਮ ਕੀਤੇ ਸਿਖਰਲੇ ਸੰਗੀਤਕਾਰਾਂ ਦੇ ਫੋਟੋ ਸਨ। ਮੰਜੇ ਦੇ ਨਾਲ ਵਾਲੀ ਅੰਗੀਠੀ ਉਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਦੇ ਚਿੱਤਰ ਸਨ ।

ਧਾਗੇ ਦੀ ਕੱਢੀ ਹੋਈ ਇਕ ਹੋਰ ਬਹੁਤ ਹੀ ਸੁੰਦਰ ਜਾਪਾਨੀ ਤਸਵੀਰ ਵੇਖੀ ਜਿਸਦੇ ਰਸਤੇ ਉਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਖਲੋਤੇ ਹੋਏ ਨਜ਼ਰ ਪੈਂਦੇ ਸਨ ।

ਠਾਕੁਰ ਉਦੇ ਸਿੰਘ ਲੰਮੇ ਲੰਮੇ ਕੇਸ ਖਿਲਾਰੀ ਪਲੰਘ ਪਰ ਬੈਠੇ ਸਨ । ਭਰਵਾਂ ਜੁੱਸਾ, ਪ੍ਰਭਾਵਸ਼ਾਲੀ ਚਿਹਰਾ, ਹਲਕੇ ਹਲਕੇ ਮਾਤਾ ਦੇ ਦਾਗ ਚਿਹਰੇ ਤੇ । ਮੈਨੂੰ ਉਨ੍ਹਾਂ ਆਦਰ ਦੇ ਕੇ ਆਪਣੇ ਪਾਸ ਹੀ ਬੈਠਾ ਲਿਆ । ਮੈਂ ਪੁਛਿਆ : ਸੋਧ ਵੀ ਰਖੀ ਹੋਈ ਜੇ :

"ਹਾਂ ਜੀ, ਸੋਧ ਤੋਂ ਬਿਨਾ ਮੈਂ ਕਦੇ ਵੀ ਨਹੀਂ ਰਿਹਾ । ਇਸ਼ਨਾਨ ਆਦਿ ਦਾ ਨੇਤਮ ਬਾਕਾਇਦਾ ਚਲਦਾ ਹੈ । ਪ੍ਰਸ਼ਾਦਾ, ਕਦੇ ਵੀ ਸੋਧ ਦਾ ਇਸ਼ਨਾਨ ਕੀਤੇ ਬਿਨਾ ਨਹੀਂ ਛਕਿਆ ।"

ਮੇਰੀ ਲੋੜ ਨੂੰ ਮੁਖ ਰਖ ਜਾਂ ਆਦਰ ਦੇ ਤੋਰ ਤੇ ਠਾਕਰ ਜੀ ਨੇ ਕੁਛ ਫਲ ਮੰਗਵਾਏ, ਠਾਕਰ ਜੀ ਬਿਨਾ ਅਸਾਂ ਕੋਲ ਬੈਠਿਆਂ ਸਭ ਨੇ ਛਕੇ ।

ਅੱਜ ਹੀ ਮੈਨੂੰ ਭੈਣੀ ਸਾਹਿਬ ਦੇ ਇਕ ਪਹਿਲੇ ਪ੍ਰਬੰਧਕ ਸੰਤ ਹਜ਼ਾਰਾ ਸਿੰਘ ਚੱਠਾ ਨਾਲ ਮਿਲਣ ਦਾ ਅਵਸਰ ਮਿਲਿਆ । ਇਹ ਇਕ ਕਤਲ ਕੇਸ ਵਿਚ, ਭੈਣੀ ਸਾਹਿਬ ਰਹਿੰਦਿਆਂ, ਵੀਹ ਸਾਲ ਬੱਝੇ ਸਨ । ਨੌਂ ਸਾਲ ਦੀ ਕੈਦ ਕੱਟ ਕੇ ਘਰ ਮੁੜੇ ਸਨ । ਅਜ ਕਲ ਉਮਰ ਦੇ ੭੦ਵੇਂ ਦਹਾਕੇ ਵਿਚ ਹਨ । ਮੂਣਕਾਂ (        ) ਵਿਚ ਆਪਣੇ ਪੁਤਰ ਸ੍ਰ. ਸੁਲੱਖਣ ਸਿੰਘ ਪਾਸ ਰਹਿੰਦੇ ਹਨ । ਮੈਂ ਪੁਛਿਆ : ਹੁਣ ਤੁਸੀਂ ਨਹੀਂ ਸੀ ਏਥੇ ਆਕੇ ਰਹਿ ਸਕਦੇ ?

ਜ਼ਿਲਾ ਲਾਹੌਰ ਦੇ ਜੰਮ ਪਲ ਇਸ ਸਾਊ ਜੱਟ ਨੇ ਆਖਿਆ : ਹੁਣ ਸਰੀਰ ਸੇਵਾ ਕਰਨ ਦੇ ਯੋਗ ਨਹੀਂ । ਰਿਹਾ । ਅਜਿਹੀ ਹਾਲਤ ਵਿਚ ਗੁਰੂ ਕਾ ਧਾਨ ਕਿਉਂ ਖਾਈਏ ! ਇਸ ਭਾਵਨਾ ਅਗੇ ਹੋਰ ਸਵਾਲਨਾਮੇ ਦੀ ਲੋੜ ਨਹੀਂ ਸੀ ।

### ੨੪ ਮਾਰਚ ੧੯੭੮ ਸ਼ੁਕਰਵਾਰ
### (ਹੋਲਾ, ਸ੍ਰੀ ਭੈਣੀ ਸਾਹਿਬ)

**ਆਸਾ ਦੀ ਵਾਰ**

ਜਦੋਂ ਮੈਂ ਆਸਾ ਦੀ ਵਾਰ ਵਿਚ ਪਹੁੰਚਾ, ਸੂਰਜ ਚੜ੍ਹ ਚੁਕਾ ਸੀ । ਮੈਂ ਸ਼ਰਮਿੰਦਿਆਂ ਵਾਂਗ ਹੀ, ਦੀਵਾਨ ਵਿਚ, ਸਤਿਗੁਰੂ ਜੀ ਨੂੰ ਮਥਾ ਟੇਕ ਬੈਠਾ । ਨਾਮਧਾਰੀ ਸਿੰਘ-



ਫੋਟੋ : ਪ੍ਰੀਤਮ ਸਿੰਘ ਕਵੀ

ਸਿੰਘਣੀਆਂ ਤਾਂ ੩.੩੦ ਸਵੇਰ ਤੋਂ ਹੀ, ਇਸਨਾਨ ਕਰਕੇ, ਆਸਾ ਦੀ ਵਾਰ ਵਿਚ ਆਉਣਾ ਸ਼ੁਰੂ ਕਰ ਦਿੰਦੇ ਹਨ ।

ਸਤਿਗੁਰੂ ਜੀ ਮੇਰੇ ਸਾਹਵੇਂ ਦ੍ਰਿਸ਼ਟੀ ਗੋਚਰ ਹੋ ਰਹੇ ਹਨ । ਸ਼ੁਧ ਖੱਦਰ ਦੇ ਸਫੈਦ ਵਸਤਰ । ਸੋਹਣੀ ਸਿੱਧੀ ਦਸਤਾਰ, ਹਲਕੇ ਬਾਦਮੀ ਰੰਗ ਦੀ ਸਵੈਟਰ, ਅੰਡੀ ਦੀ ਚੱਦਰ ਨਾਲ ਲੱਕ ਅਤੇ ਚਰਨ ਢਕੇ ਹੋਏ । ਜਿਸ ਆਸਣ ਤੇ ਬੈਠੇ ਸ਼ੋਭਾ ਪਾ ਰਹੇ ਹਨ, ਉਸ ਉਤੇ, ਇਕ ਪਾਸੇ ਸੁਹਣੀ ਸਟੀਲ ਦੀ ਗੜਵੀ, ਜੇਬੀ ਘੜੀ, ਸਟੀਲ ਦੀ ਬਾਡੀ ਵਾਲਾ ਪੈੱਨ, ਲਾਲ ਰੰਗ ਦੀ ਬੈਟਰੀ, ਨਾਮਧਾਰੀ ਨਿਤਨੇਮ ਦਾ ਗੁਟਕਾ, ਹਦਾਇਤਾਂ ਜਾਂ ਲੋੜ ਅਨੁਸਾਰ ਲਿਖਣ ਲਈ ਛੋਟੀ ਜਹੀ ਸਲਿਪ ਕਾਪੀ ਪਈ ਹੈ । ਮੱਥਾ ਟਿਕੀ ਕੁਛ ਸੌਗੀ, ਦਿਲਰੁਬਾ ਅਗੇ ਛੋਟਾ ਮਾਈਕ ਵੀ ਸਾਹਮਣੇ ਹਨ ।

ਸਤਿਗੁਰੂ ਜੀ ਦੇ ਗਿਰਦ ਦੋ ਕਤਾਰਾਂ ਵਿਚ ਤਰਤੀਬ ਨਾਲ ਹੇਠ ਲਿਖੇ ਸਰੀਰ ਬੈਠੇ ਹਨ : ਸੂਬਾ ਦੀਵਾਨ ਸਿੰਘ ਚੌਰੀ ਕਰਦਿਆਂ, ਸ੍ਰ. ਅਵਤਾਰ ਸਿੰਘ ਝੱਬਰ, ਸੰਤ ਮਹਿੰਦਰ ਸਿੰਘ ਪੂਰਬਾ, ਪੰਡਿਤ ਗੋਪਾਲ ਸਿੰਘ, ਸੰਤ ਤਰਸੇਮ ਸਿੰਘ, ਠਾਕੁਰ ਉਦੇ ਸਿੰਘ ਜੀ, ਠਾਕੁਰ ਦਲੀਪ ਸਿੰਘ ਜੀ, ਮਾਸਟਰ ਨਿਹਾਲ ਸਿੰਘ ਜੀ, ਸ੍ਰ. ਅਵਤਾਰ ਸਿੰਘ ਤਬਲਾ ਵਾਦਕ, ਮਹਾਰਾਜ ਬੀਰ ਸਿੰਘ, ਸ੍ਰੀ ਸੁਰਜੀਤ ਸਿੰਘ ਸਾਰੰਗੀ ਵਾਦਕ, ਸੂਬਾ ਗੰਡਾ ਸਿੰਘ ਜੀ ਦਿੱਲੀ, ਡਾ: ਤ੍ਰਿਲੋਕ ਸਿੰਘ, ਸੰਤ ਕਿਰਪਾਲ ਸਿੰਘ, ਸੰਤ ਕੁੰਦਨ ਸਿੰਘ ਕੱਕੜ ।

ਆਸਾ ਦੀ ਵਾਰ ਦੀ 'ਇਤਿ ਸ੍ਰੀ' ਨਾਲ 'ਮਾਹਾਮਾਹ ਮੁਮਾਰਖੀ ਚੜਿਆ ਸਦਾ ਬਸੰਤ' ਸ਼ਬਦ ਪੜ੍ਹਕੇ ਬਸੰਤ ਵਿਚ ਹੀ ਬਸੰਤ ਦੀ ਵਾਰ ਗੰਵੀਂ ਜਾ ਰਹੀ ਹੈ ।



Sri Satguru Jagjit Singh Ji Elibrary NamdhariElibrary@gmail.com

੭.੦੫ ਵਜੇ ਦੀਵਾਨ ਦੀ ਅਰਦਾਸ ਪੰਡਿਤ ਗੋਪਾਲ ਸਿੰਘ ਨੇ ਕੀਤੀ। ਅਰਦਾਸ ਵਿਚ ਸੂਬਾ ਅਮਰੀਕ ਸਿੰਘ ਮਹਿਤਪੁਰੀ (ਜਲੰਧਰ) ਦੀ ਦੇਹ ਅਰੋਗਤਾ ਦੀ ਮੰਗ ਕੀਤੀ ਗਈ। ਉਪਰੰਤ ਪੰਡਿਤ ਜੀ ਨੇ ਸਾਧ ਸੰਗਤ ਨੂੰ ਸੇਵਾ ਕਰਨ ਲਈ, ਪ੍ਰਬੰਧ ਦੀ ਲੋੜ ਅਨੁਸਾਰ ਬੇਨਤੀਆਂ ਕੀਤੀਆਂ। ਲੰਗਰ ਸਿਮ੍ਰਤੀ ਮੰਦਰ ਵਿਚ ਹੀ ਵਰਤੇਗਾ, ਉਥੇ ਹੀ ਸੇਵਾ ਕਰਨੀ ਹੈ। ਪੰਡਿਤ ਜੀ ਨੇ ਦਸਿਆ ਕਿ ਜਥੇਦਾਰ ਆਪਣੇ ਨਾਮ ਸੰਤ ਸਤਨਾਮ ਸਿੰਘ ਦਿੱਲੀ ਨੂੰ ਲਿਖਣ ਫੇਰ ਨ ਕਹਿਣ ਸਮਾ ਨਹੀਂ ਮਿਲਿਆ। ਅਜ ਨਾਮ ਸਿਮਰਨ ਸ਼ਾਮੀ ੫ ਵਜੇ ਹੋਵੇਗਾ ਕੀਰਤਨ ੬ ਵਜੇ ਉਪਰੰਤ ਸਾਰੀ ਰਾਤ ਹੱਲੇ ਦੇ ਦੀਵਾਨ।

ਸੰਤ ਤਰਸੇਮ ਸਿੰਘ ਹਜ਼ੂਰੀ ਸਕੱਤਰ ਨੇ ਕੱਲ ਅਤੇ ਪਰਸੋਂ ਦਾ ਪ੍ਰੋਗਰਾਮ ਸੁਣਾਇਆ। ਅਤੇ ਏਨੀ ਤੇਜ਼ੀ ਨਾਲ ਲਿਖਿਆ ਪੜਿਆ ਕਿ ਸਤਿਗੁਰੂ ਜੀ ਮੁਸਕਰਾਏ ; ਅਖੰਡ ਪਾਠ ਕੀਤਾ ਗਿਆ ਹੈ। ਪ੍ਰੋਗਰਾਮ ਦਾ।

ਇਕ ਸਿੰਘ ਜਿਸਦਾ ਲੜਕਾ ਪੰਜਾਬ ਐਂਡ ਸਿੰਧ ਬੈਂਕ ਵਿਚ ਮੁਲਾਜ਼ਮ ਹੈ ਉਸਦੇ ਅਨੰਦ ਕਾਰਜ ਦੀ ਪਰਵਾਨਗੀ ਲਈ ਬਿਨੈ ਕੀਤੀ। ਹਜ਼ੂਰ ਨੇ ਵਿਆਹ ਦੀਆਂ ਧਿਰਾਂ ਦੇ ਸਾਰੇ ਵੇਰਵੇ ਤਰਸੇਮ ਸਿੰਘ ਨੂੰ ਜਾਣਨ ਲਈ ਆਗਿਆ ਕੀਤੀ।

ਸਤਿਗੁਰੂ ਦੀਵਾਨ ਵਿਚੋਂ ਉਠਕੇ ਜਾਣ ਲਗੇ ਤਾਂ ਸ੍ਰ. ਸੁਰਿੰਦਰ ਸਿੰਘ ਡਾਲਟਨ ਗੰਜ ਵਾਲਿਆਂ ਨੂੰ ਕੋਲ ਆਇਆਂ ਵੇਖ ਬਚਨ ਕੀਤਾ : ਮੈਂ ਸਮਝਿਆ ਕਿਤੇ ਕਿਰਪਾਲ ਸਿੰਘ ਨੇ ਆਉਣ ਦੀ 'ਕਿਰਪਾ' ਕੀਤੀ ਹੈ। ਅਤੇ ਸ੍ਰ. ਸੁਰਿੰਦਰ ਸਿੰਘ ਨੂੰ ਥਾਪੀ ਦਿਤੀ।

## ਡੇਹਰਾਦੂਨ ਬਾਰੇ

ਮੈਂ ਹਜ਼ੂਰ ਨੂੰ ਪੁਛਿਆ : ਕੱਲ ਆਪ ਕਿੰਨਾ ਕੁ ਚਿਰ ਡੇਹਰਾਦੂਨ ਰਹੇ ? "ਕੇਵਲ ਇਕ ਘੰਟਾ !" ਭਾਵ ਕੱਲ ਦਾ ਕੰਮ ਸਿਰਫ਼ ਡੇਹਰਾਦੂਨ ਜਾਣ ਤੇ ਆਉਣ ਦਾ ਹੀ ਸੀ। ਸਤਿਗੁਰੂ ਜੀ ਨੇ ਮਹਾਰਾਜ ਬੀਰ ਸਿੰਘ ਜੀ ਨੂੰ ਦਸਿਆ : ਖਾਂ ਸਾਹਿਬ ਵਲਾਇਤ ਖਾਂ ਅਤੇ ਅਮਜਦ ਅਲੀ ਖਾਂ ਦਾ ਡਿਊਟ ਵਜਵਾਵਾਂਗੇ। ਇਹਨਾਂ ਨੇ ਕਦੇ ਕੱਠਿਆਂ ਨਹੀਂ ਵਜਾਇਆ। ਸਤਿਗੁਰਾਂ 'ਨਸ਼ਾਤ' ਦੀ ਗੱਲ ਵੀ ਦੱਸੀ : ਨਸ਼ਾਤ ਕਹਿਣ ਲਗਾ, ਜੀ ਮੈਨੇ ਤਾਲੀਮ ਦਿੱਲੀ ਸੇ ਅਮਜਦ ਭਾਈ ਸੇ ਭੀ ਲੀ ਹੈ। ਇਹਨਾਂ ਗੱਲਾਂ ਨਾਲ ਹੀ ਇਹ ਲੋਕ ਅਗੇ ਲੰਘ ਜਾਂਦੇ ਨੇ। ਸੰਕੋਚ ਨਹੀਂ ਕੀਤਾ ਦਸਣੋਂ।

ਡੇਰੇ ਆ ਕੇ ਮੈਂ ਸਤਿਗੁਰੂ ਜੀ ਨੂੰ ਪੁੱਛਿਆ : ਖਾਂ ਸਾਹਿਬ ਨਾਲ ਵਕਤ ਮੁਕਰਰ ਕਰ ਆਏ ? ਅਜ ਐਲਾਨ ਕੀਤਾ ਗਿਆ ਹੈ ਕਿ ਉਹ ੨੬.੩.੭੮ ਦੀ ਸ਼ਾਮ ਨੂੰ ਏਥੇ ਸਿਤਾਰ ਵਜਾਣਗੇ : ਆਪ ਨੇ ਫਰਮਾਇਆ : ਮੈਂ ਗੱਲ ਤਾਂ ਮੰਨ ਆਇਆਂ ਪਰ ਮਹਾਰਾਜ ਜੀ ਤੋਂ ਪੁੱਛਣਾ ਸੀ, ਇਸ ਲਈ ਮੈਂ ਕਹਿ ਕੇ ਆਇਆ ਸਾਂ ਕਿ ਵਕਤ ਮੁਕਰਰ ਕਰਕੇ ਫੋਨ ਕਰਾਂਗਾ।

ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਆਖਿਆ : ਨੀਲੋਂ ਦੇ ਟੂਰਿਸਟ ਰੀਸਾਰਟ ਵਿਚ ਖਾਂ ਸਾਹਿਬ ਲਈ ਕਮਰੇ ਰੀਜ਼ਰਵ ਕਰਵਾਏ ਜਾਣ। ੨੫ ਦੀ ਰਾਤ ਤੋਂ ਬੁਕ ਹੋਣੇ ਚਾਹੀਦੇ ਹਨ। ਅਤੇ ਖਾਹਸ਼ ਜ਼ਾਹਰ ਕੀਤੀ ਕਿ ਖਾਂ ਸਾਹਿਬ ੨੬ ਦੀ ਸਵੇਰੇ ਆਸਾ ਦੀ ਵਾਰ ਵਿਚ ਹੀ ਆ ਜਾਣ। ਨਿਜੀ ਸਕਤਰ ਨੂੰ ਬੁਲਾਕੇ ਆਗਿਆ ਕੀਤੀ : ਕਿ ਲੁਧਿਆਣੇ ਵਾਲੇ ਸੁਰਿੰਦਰ ਸਿੰਘ ਨੂੰ ਆਖੋ ਉਹ ਕਮਰੇ ਰੀਜ਼ਰਵ ਕਰਵਾਏ।

ਫਿਰ ਕੁਛ ਸਮਾ ਸ੍ਰ. ਸਾਧੂ ਸਿੰਘ ਕਿਸਾਨ ਅਤੇ ਸ. ਦਰਸ਼ਨ ਸਿੰਘ ਅਮ੍ਰਿਤਸਰ ਕਲਾਂ ਨਾਲ ਬਚਨ ਕਰਦਿਆਂ ਬਿਤਾਇਆ। ਸ੍ਰ. ਗੁਰਦੇਵ ਸਿੰਘ ਤੇ ਉਹਦੇ ਸਾਥੀਆਂ ਦੀ ਉਡੀਕ ਵਿਚ ਬੈਠੇ ਜਦੋਂ ਪਤਾ ਲਗਾ ਕਿ ਉਹ ਕਿਤੇ ਬਾਹਰ ਦਲੇ ਗਏ ਹਨ ਤਾਂ ਸਤਿਗੁਰੂ ਜੀ ਤੇਜ਼ੀ ਨਾਲ ਤੁਰਦਿਆਂ, ਵੇਖਦੇ ਵੇਖਦੇ ਛਪਨ ਛੋਤ ਹੋ ਗਏ। ਪਹੁੰਚ ਗਏ ਆਪਣੀ ਕੋਠੀ ਵਿਚ।

ਮੈਂ ਸ੍ਰੀ ਸਤਿਗੁਰੂ ਜੀ ਦਾ ਪਿੱਛਾ ਕਰਦਿਆਂ ਸਿਮ੍ਰਤੀ ਮੰਦਰ ਵਿਚ ਪਹੁੰਚਾ। ਸਤਿਗੁਰੂ ਜੀ ਤਾਂ ਕਿਧਰੇ ਨਜ਼ਰ ਨਾ ਆਏ ਪਰ ਸ੍ਰੀ ਮਾਤਾ ਜੀ ਅਤੇ ਬੇਬੇ ਦਲੀਪ ਕੌਰ ਜੀ ਸੰਗਤ ਨੂੰ ਦਸ ਦਸਾ ਕੇ ਸੇਵਾ ਕਰਵਾ ਰਹੇ ਸਨ। ਮਿੱਟੀ ਅੰਦਰੋਂ ਪੁੱਟ ਕੇ ਬਾਹਰ, ਟੋਏ ਵਿਚ, ਸੁੱਟੀ ਜਾ ਰਹੀ ਸੀ। ਮੰਦਰ ਦੇ ਅੰਦਰਲੀ ਜਗ੍ਹਾ ਟ੍ਰੈਕਟਰ ਅਤੇ ਕਰਾਹੇ ਨਾਲ ਇਕੋ ਪੱਧਰ ਦੀ ਬਣਾਈ ਜਾ ਰਹੀ ਸੀ। ਕਾਫ਼ੀ ਸੰਗਤ ਇਸ ਅਵਸਰ ਤੇ ਇਕਠੀ ਹੋਈ ਸੀ ਕੱਲ ਵਾਂਗ, ਅਜ ਵੀ ਸੰਗਤ ਨੂੰ ਪ੍ਰਸ਼ਾਦ ਪਾਣੀ ਸਿਮ੍ਰਤੀ ਮੰਦਰ ਦੇ ਅੰਦਰ ਹੀ ਮਿਲਣਾ ਹੈ।

## ਗੁਰੂ ਦੇ ਡੇਰੇ ਵਿਚ

ਸਤਿਗੁਰੂ ਜੀ ਆਪਣੇ ਬਾਹਰਲੇ ਡੇਰਿਓਂ ਆ ਲਥੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤਪ ਸਥਾਨ ਦੇ ਵਰਾਂਡੇ ਵਿਚ ਚਾਰ ਸਫ਼ਾਂ ਵਿਛੀਆਂ ਪਈਆਂ ਸਨ। ਸਤਿਗੁਰੂ ਜੀ ਮੂਧੇ ਮੁਖ ਲੇਟੇ ਹੋਏ ਸਨ ਪਰ ਹਥੇਲੀ ਤੇ ਸੀਸ ਰਖ,


Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਬੀਰ ਸਿੰਘ ਜੀ ਤੋਂ, ਬੰਬਈ ਵਿਚ ਹੋਣ ਵਾਲੇ ਸੰਗੀਤ ਪ੍ਰੋਗਰਾਮ ਦੀ ਤਿਆਰੀ ਰਿਪੋਰਟ ਸੁਣ ਰਹੇ ਸਨ। ਠਾਕਰ ਜੀ ਵਡੇ-ਛੋਟੇ, ਪੂਰਵਾ, ਸ੍ਰ. ਅਵਤਾਰ ਸਿੰਘ ਅਮ੍ਰਿਤ-ਸਰੀ ਅਤੇ ਸ੍ਰੀ ਹਰਭਜਨ ਸਿੰਘ ਸਿਤਾਰ ਕੋਲ ਬੈਠੇ ਹੋਏ ਸਨ।

### ਬੰਬਈ ਸੰਗੀਤ ਸਮੇਲਨ ਦੀ ਤਿਆਰੀ

ਮਹਾਰਾਜ ਜੀ ਨੇ ਸੰਗੀਤਕਾਰਾਂ ਲਈ ਹਵਾਈ ਸਫਰ ਲਈ ਠਾਕੁਰ ਸ਼ਮਸ਼ੇਰ ਸਿੰਘ ਜੀ ਨੂੰ ਮਿਲੀ ਸਫਲਤਾ ਦੀ ਕਹਾਣੀ ਸੁਣਾਈ, ਸ੍ਰ. ਖੁਸ਼ਵੰਤ ਸਿੰਘ ਇਲਸਟ੍ਰੇਟਿਡ ਵੀਕਲੀ ਵਾਲੇ ਦਾ ਉਦਾਰਤਾ ਪੂਰਵਕ ਮਿਲਣਾ ਤੇ ਸੰਗੀਤ ਸੰਮੇਲਨ ਵਿਚ ਪਹੁੰਚਣ ਦੀ ਪਰਵਾਨਗੀ ਦੀ ਸੂਚਨਾ ਦਿਤੀ। ਠਾਕੁਰ ਸ਼ਮਸ਼ੇਰ ਸਿੰਘ ਅਤੇ ਸਰੋਦ ਗੁਰਦੇਵ ਸਿੰਘ ਇਸ ਕੰਮ ਵਿਚ ਮਹਾਰਾਜ ਜੀ ਦੇ ਸਹਾਇਕ ਸਨ। ਮਹਾਰਾਜ ਜੀ ਨੇ ਉਸਤਾਦ ਅਮਜਦ ਅਲੀ ਖਾਂ ਦਾ ਜ਼ਿਕਰ ਵੀ ਕੀਤਾ ਕਿ ਉਹ ਗੁਰਦੇਵ ਸਿੰਘ ਤੇ ਇਹਨਾਂ ਨਾਲ ਟੈਲੀਫੋਨ ਤੇ ਸੰਪਰਕ ਬਣਾਈ ਰਖਦੇ ਰਹੇ ਸਨ। ਅਤੇ ਸੰਗੀਤਕਾਰਾਂ ਨਾਲ ਲੈਣ-ਦੇਣ ਸੈੱਟ ਕਰਦੇ ਰਹੇ ਹਨ। ਗੱਲ ਬਾਤ ੭.੪੫ ਤੋਂ ਹੀ ਜਾਰੀ ਸੀ।

### ਡਾਲਡਾ ਨਹੀਂ ਦੇਸੀ

ਇਕ ਜ਼ਿਕਰ ਚਲਦਿਆਂ ਹਜ਼ੂਰ ਨੇ ਦੱਸਿਆ : ਲਾਟੋਂ ਵਾਲਿਆਂ ਇਕ ਵਾਰ ਟੂਰਨਾਮੈਂਟ ਕਰਵਾਇਆ ਅਤੇ ਮੇਰੇ ਪਾਸੋਂ ਇਨਾਮ ਵੰਡ ਕਰਵਾਣ ਦਾ ਆਗ੍ਰਹਿ ਕੀਤਾ। ਜਾਕੇ ਵੇਖਿਆ ਤਾਂ ਉਹ ਡਾਲਡਾ ਘਿਉ ਦੇ ਪੀਪੇ ਮੇਰੇ ਰਾਹੀਂ ਇਨਾਮ ਦਿਵਾਣਾ ਚਾਹੁੰਦੇ ਸਨ। ਮੈਂ ਆਖਿਆ ਮੈਂ ਇਹ ਬਣੌਟੀ ਘਿਉ ਨਹੀਂ ਵੰਡਾਂਗਾ। ਭੈਣੀ ਸਾਹਿਬੋਂ ਜਾਕੇ ਮੇਰੇ ਖਰਚੇ ਤੇ ਦੇਸੀ ਘਿਉਂ ਲੈ ਕੇ ਆਵੋ। ਦੇਸੀ ਘਿਉ ਦੇ ਪੀਪੇ ਹੀ ਇਨਾਮ ਵਿਚ ਉਤਮ ਖਿਲਾੜੀਆਂ ਵਿਚ ਵੰਡੇ।

### ਕਾਮਰੇਡਾਂ ਨਾਲ

ਸਤਿਗੁਰਾਂ ਨੇ, ਏਥੇ ਹੀ, ਮਹਾਰਾਜ ਜੀ ਨੂੰ ਦੱਸਿਆ ਕਿ ਨਵਤੇਜ (ਪ੍ਰੀਤ ਲੜੀ) ਤੇ ਉਸਦੀ ਪਤਨੀ ਮਹਿੰਦਰ ਉਸ ਦਿਨ ਗੁਡੀ (ਬੀਬਾ ਜੀ) ਦੇ ਨਾਲ ਹੀ ਅੰਮ੍ਰਿਤਸਰ ਆ ਗਏ। ਉਹਨਾਂ ਨੂੰ ਕਿਹਾ ਸੀ ਕਿ ਜੇ ਵਿਹਲੇ ਹੋਏ ਤਾਂ ੨੬.੩.੭੮ ਨੂੰ ਭੈਣੀ ਸਾਹਿਬ ਆਉਣਾ। ਉਸ ਦਿਨ ਆਨੰਦ (ਕਾਮਰੇਡ ਜਗਜੀਤ ਸਿੰਘ) ਦੇ ਆਉਣ ਦੀ ਸੰਭਾਵਨਾ ਵੀ ਹੈ। ਮਹਾਰਾਜ ਜੀ ਨੇ ਦੱਸਿਆ ਕਿ ਬੰਬਈਓਂ ਏਅਰ ਬੱਸ ਤੇ ਆਉਂਦਿਆਂ ਨੂੰ ਕਾਮਰੇਡ ਆਨੰਦ ਪਾਲਮ ਉਤੇ ਆਣ ਮਿਲਿਆ ਸੀ, ਇਨ੍ਹਾਂ ਵੀ ਉਸਨੂੰ ਆਖਿਆ ਸੀ।

ਇਸ ਮੌਕੇ ਤੇ ਸ੍ਰੀ ਜਸਵੰਤ ਸਿੰਘ ਲੁਧਿਆਣਾ ਤੇ ਕੁਛ ਹੋਰ ਸਰੀਰ ਵੀ ਆ ਗਏ। ਸਤਿਗੁਰਾਂ ਮਹਾਰਾਜ ਜੀ ਨੂੰ ਆਖਿਆ : ਖਾਂ ਸਾਹਿਬ ਦੇ ਬੱਚਿਆਂ ਦੇ ਪਾਸਪੋਰਟਾਂ ਦੀ ਤਿਆਰੀ ਬਾਰੇ ਜਸਵੰਤ ਦੀ ਡਿਊਟੀ ਲਾਈਏ। ਉਸਨੂੰ ਆਖਿਆ ਗਿਆ ਕਿ ਉਹ ਸ੍ਰ. ਅਵਤਾਰ ਸਿੰਘ ਅਮ੍ਰਿਤਸਰੀ ਨਾਲ ਸਲਾਹ ਕਰਕੇ ਅਤੇ ਸਾਰੀ ਗੱਲਬਾਤ ਪੁਛਕ ਪਾਸ-ਪੋਰਟਾਂ ਦੀ ਤਿਆਰੀ ਕਰਵਾਏ।

ਫਿਰ ਸਤਿਗੁਰੂ ਜੀ ਬੜੀ ਤੇਜ਼ੀ ਨਾਲ ਉਠ ਬੈਠੇ। ਉਹਨਾਂ ਮਾਸਟਰ ਨਿਹਾਲ ਸਿੰਘ ਜੀ ਨੂੰ ਯਾਦ ਕੀਤਾ ਜਿਨ੍ਹਾਂ ਪਾਸ "ਰਾਮ ਸਿੰਘ ਕੂਕਾ" ਅੰਗਰੇਜ਼ੀ ਦੀ ਪੁਸਤਿਕਾ ਸੀ। ਥੋੜੇ ਚਿਰ ਪਿਛੋਂ ਹੀ ਮਾ: ਨਿਹਾਲ ਸਿੰਘ ਅਤੇ ਸੰਤ ਮਿਹਰ ਸਿੰਘ ਕਾਨਪੁਰੀ ਆ ਹਾਜ਼ਰ ਹੋਏ।

### ਮਾਤਾ ਸੰਤ ਕੌਰ ਨੰਗਲ

ਮਹਾਰਾਜ ਜੀ ਨਾਲ ਚਲਦੀ ਬੈਠਕ ਵਿਚ ਸਤਿਗੁਰੂ ਜੀ ਨੇ ਨੰਗਲ ਵਾਲੀ ਮਾਤਾ ਸੰਤ ਕੌਰ ਜੀ ਬਾਰੇ ਉਨ੍ਹਾਂ ਨੂੰ ਦੱਸਿਆ : ਉਹਨਾਂ ਨੂੰ ਜਲੰਧਰ ਗਿਆ, ਮਿਲ ਆਇਆ ਸਾਂ। ਉਹਨਾਂ ਕਿਹਾ ਹੈ ਕਿ ਉਹਨਾਂ ਦੀ ਜ਼ਿੰਦਗੀ ਹੁਣ ਥੋੜੇ ਚਿਰ ਦੀ ਹੀ ਪਰਾਹੁਣੀ ਹੈ। ਵਿਛੋੜਾ ਹੁਣ ਬਾਹਲਾ ਚਿਰ ਨਹੀਂ ਰਹਿਣਾ ਚਾਹੀਦਾ। ਉਹਨਾਂ ਅਖੰਡ ਪਾਠ ਸੁਖੇ ਹੋਏ ਨੇ ਉਹ ਵੀ ੨੭.੩.੭੮ ਨੂੰ ਉਥੇ ਸ਼ੁਰੂ ਹੋਣੇ ਚਾਹੀਦੇ ਹਨ। ਅਤੇ ਮੈਂ ਵੀ ਭੋਗਾਂ ਦੇ ਮੌਕੇ ਤੇ ਜਾਵਾਂਗਾ।

ਸਿਮ੍ਰਤੀ ਮੰਦਰ ਵੱਲ ਜਾਂਦਿਆਂ ਹਜ਼ੂਰ ਨੇ ਆਪਣੇ ਸਕਤਰ ਨੂੰ ਬੁਲਾਕੇ ਆਗਿਆ ਕੀਤੀ : ਨੰਗਲ ਵਿਚ ਤਿੰਨ ਅਖੰਡ ਪਾਠ ਕਰਵਾਣੇ ਹਨ। ਤਿਆਰੀ ਕਰਵਾਓ। ਮੇਰੇ ਪੁਛਣ ਤੇ ਆਪ ਨੇ ਦਸਿਆ : ਪਾਠਾਂ ਦੇ ਭੋਗ ਲਈ ੨੮ ਦੀ ਰਾਤ ਨੂੰ ਜਾਂ ੨੯ ਨੂੰ ਸਵੇਰੇ ਹੀ ਨੰਗਲ ਜਾਵਾਂਗਾ।

### ਖੇਡਾਂ ਦਾ ਕੀ ਬਣੇਗਾ

ਠਾਕੁਰ ਉਦੇ ਸਿੰਘ ਖੇਡਾਂ ਵਿਚ ਗੰਭੀਰ ਦਿਲਚਸਪੀ ਲੈਂਦੇ ਹਨ। ਉਹ ਪਰਸੋਂ ਤੋਂ ਹੀ ਅਰਜਨ ਟਾਈਨਾਂ ਵਿਚ ਹੋ ਰਹੇ ਵਰਲਡ ਕੱਪ ਹਾਕੀ ਮੈਚ ਵਿਚ ਜਿੱਤਾਂ ਹਾਰਾਂ ਦੀ ਪੂਰੀ ਜਾਣਕਾਰੀ ਰਖਦੇ ਹਨ। ਕੈਨੇਡੀਅਨਾਂ ਕੋਲੋਂ ਭਾਰਤੀਆਂ ਦਾ ਹਾਰ ਜਾਣਾ ਬਹੁਤ ਮਹਿਸੂਸ ਕੀਤਾ। ਕੱਲ ਅਸਟਰੇਲੀਅਨਾਂ ਨੂੰ ਭਾਰਤ ਦਾ ੨-੦ ਤੇ ਜਿੱਤਣਾ ਵੀ ਹੁਲਾਸ ਨ ਦੇ ਸਕਿਆ। ਕਹਿਣ ਲਗੇ : ਭਾਰਤੀ ਖਿਲਾੜੀਆਂ ਤਾਂ ਗੋਹ ਗਾਲਣੀ ਸ਼ੁਰੂ ਕੀਤੀ ਹੋਈ ਹੈ। ਹੁਣ ਉਹਨਾਂ ਵਿਸ਼ਵਾਸ ਗੁਆ


Sri Satguru Jagjit Singh Ji Elibrary NamdhariElibrary@gmail.com

ਲਿਆ ਹੈ। ਕਦੇਂ ਕਿਤੇ ਲਗਾਤਾਰ ਜਿੱਤਾਂ ਵਲ ਵਧਣ ਤਾਂ ਕਿਤੇ ਵਿਸ਼ਵਾਸ ਦੀ ਬਹਾਲੀ ਹੋਵੇ।

### ਸੁਖਦੇਵ ਦੀ ਖਬਰ

੧੦.੩੦ ਵਜੇ ਦਿਨੇ ਮੈਂ ਅਤੇ ਹਰਭਜਨ ਸਿੰਘ (ਸਿਤਾਰ) ਸੁਖਦੇਵ ਸਿੰਘ ਦੀ ਖਬਰ ਲੈਣ ਸੰਤ ਸੰਤੋਖ ਸਿੰਘ ਕੇ ਘਰ ਗਏ, ਮੈਂ ਸੋਚ ਹੀ ਰਿਹਾ ਸਾਂ ਕਿ ਸਤਿਗੁਰੂ, ਪਤਾ ਨਹੀਂ ਇਸ ਬੱਚੇ ਨੂੰ ਕਿੰਨਾ ਕੁ ਮਹੱਤਵ ਦਿੰਦੇ ਹਨ, ਇਹਦੀ ਖ਼ਬਰ-ਸੁਰਤ ਨੂੰ ਕਦੇ ਆਏ ਨਹੀਂ ਲਗਦੇ। ਤਦੇ ਖ਼ਬਰ ਜੁ ਹਜ਼ੂਰੀ ਸੇਵਕ ਪੂਰਬਾ ਆ ਉਸ ਕਮਰੇ ਵਿਚ ਵੜਿਆ ਜਿਥੇ ਅਸੀਂ ਬੱਚੇ ਕੁਝ ਖਾ-ਪੀ ਰਹੇ ਸਾਂ। ਸੁਖਦੇਵ ਬਿਸਤਰੇ ਵਿਚ ਸੀ। ਪੂਰਬਾ ਮਹਿੰਦਰ ਸਿੰਘ ਨੇ ਕਿਹਾ : ਸਤਿਗੁਰੂ ਜੀ ਆ ਰਹੇ ਹਨ, ਅਸੀਂ ਬਮੁਸ਼ਕਲ ਹੱਥਾਂ ਵਿਚਲੇ ਬਰਤਨ ਏਧਰ ਓਧਰ ਲੁਕਾ ਸਕੇ ਕਿ ਰਵਾਂ ਰਵੀਂ ਸਤਿਗੁਰੂ ਜੀ ਅੰਦਰ ਆ ਗਏ। ਸਭ ਨੇ ਨਮਸਕਾਰ ਕੀਤੀ। ਸੁਖਦੇਵ ਨੇ ਵੀ ਉਠ ਕੇ ਚਰਨੀਂ ਹੱਥ ਲਾਇਆ।

ਉਹਦੇ ਤੇੜ ਛੋਟਾ ਕੱਛਾ ਅਤੇ ਬੁਨਿਆਨ ਸੀ। ਸਤਿ-ਗੁਰੂ ਜੀ ਨੇ ਚੁਪ ਕੀਤਿਆਂ ਹੀ ਉਹਦੇ ਪਿੰਡੇ ਅਤੇ ਲੱਤਾਂ ਪੱਟਾਂ ਨੂੰ ਗਹੁ ਨਾਲ ਵੇਖਿਆ ਅਤੇ ਫਿਰ ਬਚਨ ਕੀਤਾ : ਬੱਸ, ਠੀਕ ਹੋ ਰਿਹਾ ਹੈ। ਸ੍ਰੀ ਸਤਿਗੁਰੂ ਜੀ ਜਾਣਦੇ ਸਨ ਕਿ ਅਸੀਂ ਕੈਸੇ ਸਾਂ। ਆਪ ਨੇ ਸਾਡੇ ਲੁਕਾਅ-ਛਿਪਾਅ ਨੂੰ ਠੀਕ ਹੀ ਅਪਣਾ ਸਨਮਾਨ ਜਾਣਿਆਂ। ਹਰਭਜਨ ਵਲ ਮੁੜਕੇ ਫ਼ਰਮਾਇਆ : ਇਕ ਟੈਲੀਫੋਨ ਦਿੱਲੀ ਹੋਰ ਕਰੀਂ, ਸੇਠ ਜੀ ਦੀ ਕੋਠੀ ਜਾਂ ਹਰਵਿੰਦਰ ਸਿੰਘ ਨੂੰ ਕਿ ਉਹ ਦਰਸ਼ਨ ਸਿੰਘ ਸਚਦੇਵ ਨੂੰ ਮੇਰੇ ਵਲੋਂ ਕਹਿਣ ਉਹ ਅਜ ਰਾਤ ਤਕ ਭੈਣੀ ਸਾਹਿਬ ਪਹੁੰਚ ਜਾਵੇ।

### ਟੈਲੀਫੋਨ

ਹਰਭਜਨ ਸਿੰਘ (ਸਿਤਾਰ) ਨੂੰ ਚੰਡੀਗੜ ਸੰਤ ਮੰਗਲ ਸਿੰਘ ਕੇ ਘਰ ਭੇਜਕੇ ਤਿੰਨ ਫੋਨ ਦਿੱਲੀ, ਦੋ ਬੰਬਈ, ਤੇ ਇਕ ਦੋ ਹੋਰ ਥਾਵਾਂ ਤੇ ਕਰਵਾਣੇ ਹਨ। ਪਤਾ ਕਰਨਾ ਹੈ ਸਤਿਗੁਰੂ ਜੀ ਦੀਆਂ ਦੋ ਸੀਟਾਂ ਕਿਹੜੀ ਗੱਡੀ ਤੇ ਕਿਹੜੀ ਤਾਰੀਖ ਨੂੰ ਬੁਕ ਹਨ। ਇਕ ਫੋਨ ਹੈ ਸੇਠ ਕਿਰਪਾਲ ਸਿੰਘ ਦੇ ਲੜਕੇ ਬਚਿਤਰ ਸਿੰਘ ਨੂੰ ਕਿ ਉਹ ਫੋਰਨ ਭੈਣੀ ਸਾਹਿਬ ਪਹੁੰਚੇ ਬੰਬਈ ਤੋਂ, ਇਕ ਫੋਨ ਖਾਂ ਸਾਹਿਬ ਅਮਜਦ ਅਲੀ ਨੂੰ ਕਰਨਾ ਹੈ ਕਿ ਉਹ ਗੁਰਦੇਵ ਸਿੰਘ (ਸਰੋਦ) ਨਾਲ ਬੰਬਈ ਕੰਟੈਕਟ ਕਰਕੇ ਸ਼ਾਸਤਰੀ ਸੰਗੀਤਕਾਰ ਡਾਗਰ ਵਾਸਤੇ ਸੁਨੇਹਾ ਭੇਜਣ ਕਿ ਉਹਦੇ ਵਕਤ ਲਈ ਜਤਨ ਕੀਤਾ ਜਾ ਰਿਹਾ ਹੈ ਬੰਬਈ ਸੰਗੀਤ ਸਮੇਲਨ ਵਿਚ।

ਹਰਭਜਨ ਸਿੰਘ ਚੰਡੀਗੜ ਲਈ ੧੧ ਵਜੇ ਤੁਰ ਪਿਆ ਹੈ।

ਸਤਿਗੁਰੂ ਜੀ ਅੱਜ ਤੋਂ ਕੇਵਲ ਲੰਗਰ ਵਿਚ ਬਣੀ ਦਾਲ ਸਬਜ਼ੀ ਜਾਂ ਪ੍ਰਸ਼ਾਦ ਛਕਣਗੇ, ਉਚੇਚੀ ਲੋੜ ਨੂੰ ਅਜ ਤੋਂ ਤਿਲਾਂਜਲੀ ਮਿਲ ਗਈ ਹੈ।

ਪ੍ਰਸ਼ਾਦ ਛਕ ਕੇ ਵਿਹਲੇ ਹੋਏ ਸਤਿਗੁਰੂ ਜੀ, ਤਾਂ ਨਿਜੀ ਸੇਵਕ ਸੰਤ ਬਲਕਾਰ ਸਿੰਘ ਤੇ ਪ੍ਰਬੰਧਕ ਜਥੇਦਾਰ ਸਵਰਨ ਸਿੰਘ ਆ ਗਏ : ਦੀਨ ਦਿਆਲ ਇਕ ਅਰਜ਼ ਕਰਨੀ ਹੈ। ਸਤਿਗੁਰੂ ਜੀ ਵਿਛੀਆਂ ਸਫਾਂ ਵਲ ਧਿਆਨ ਕੀਤਾ ਪਰ ਬੈਠਣ ਨੂੰ ਆਸਣ ਨਹੀਂ ਸੀ। ਬਲਕਾਰ ਸਿੰਘ ਨੇ ਅਰਜ਼ ਕੀਤੀ : ਜੇ ਖੜੇ ਖੜੋਤੇ ਹੀ...ਪਰ ਸਤਿਗੁਰੂ ਜੀ ਵਰਨੀਆਂ ਵਾਲੀ ਤਰਫ ਨੂੰ ਜਾਕੇ, ਇਕ ਡੇਕ ਜਿਹੀ ਹੇਠ ਅਲਾਣੀ ਮੰਜੀ ਡਾਹ ਕੇ ਪਾਸੇ ਪਰਨੇ ਪੈ ਗਏ। ਏਥੇ ਹੀ ਕੁਝ ਚਿਰ ਉਪਰੋਕਤ ਜੋੜੀ ਨਾਲ ਵਿਚਾਰ ਵਟਾਂਦਰਾ ਕੀਤਾ।

ਉਹਨਾਂ ਦੇ ਗਿਆਂ ੭-੮ ਗ਼ੈਰ ਨਾਮਧਾਰੀ ਸਜਣ, ਦੋ ਕੁ ਨਾਮਧਾਰੀਆਂ ਨਾਲ ਆ ਗਏ। ਉਹਨਾਂ ਚਰਨੀਂ ਸੀਸ ਸਿਵਾਏ ਫਿਰ ਸ੍ਰ. ਸੁਰਿੰਦਰ ਸਿੰਘ ਡਾਲਟਨ ਗੰਜ ਨੂੰ ਬੁਲਾ ਲਿਆ ਗਿਆ। ਕੁਝ ਸਮਾ ਉਸ ਨਾਲ ਗਲਬਾਤ ਕੀਤੀ।

### ਸ੍ਰ. ਬੁਢਾ ਸਿੰਘ ਦੇਉ

ਸਿਮ੍ਰਤੀ ਮੰਦਰ ਵਿਚ ਗਿਆਂ ਮੈਨੂੰ ਸ੍ਰ ਬੁਢਾ ਸਿੰਘ ਦੇਉ, ਸ਼ਾਮ ਨਗਰ ਬਟਾਲੇ ਪਾਸ ਰਹਿੰਦੇ ਹਨ, ਮਿਲੇ। ਉਹ ਇਸ ਵੇਲੇ ੮੦ ਸਾਲ ਦੀ ਉਮਰ ਦੇ ਹਨ। ਅਜੇ ਵੀ ਪੂਰੀ ਤਰ੍ਹਾਂ ਚਿੰਤਨ ਅਤੇ ਆਪਣੀ ਕਿਰਿਆ ਆਪ ਸਾਧਨ ਵਾਲੇ ਹਨ। ਮੇਰੇ ਪੁਛਣ ਤੇ ਉਨ੍ਹਾਂ ਦੱਸਿਆ ਕਿ ਉਹਨਾਂ ਦੇ ਪਿਤਾ ਸ੍ਰ. ਦਿਆਲ ਸਿੰਘ ਫੋਜ ਵਿਚ ਸਨ। ਰੀਟਾਇਰ ਹੋ ਕੇ ਆਏ ਤਾਂ ਦੁੰਹਾਂ ਗੋਡਿਆਂ ਵਿਚ ਬੜੀ ਦਰਦ ਸੀ। ਬੁੱਢਾ ਸਿੰਘ ਜੀ ਦੀ ਦਾਦੀ ਨੇ ਆਪਣੇ ਪੁੱਤਰ ਨੂੰ ਆਖਿਆ : ਜਾਓ ਖਾਂ ਭੈਣੀ ਸਾਹਿਬ, ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰੋ। ਜਾਂ ਇਹਨਾਂ ਦੇ ਪਿਤਾ ਸਤਿਗੁਰਾਂ ਦੇ ਦਰਸ਼ਨ ਕਰਨ ਆਏ ਤਾਂ ਸੱਜੇ ਗੋਡੇ ਦੀਆਂ ਪੀੜਾਂ ਤਾਂ ਮੱਥਾ ਟੇਕਣ ਨਾਲ ਹੀ ਦੂਰ ਹੋ ਗਈਆਂ। ਫਿਰ ਉਹਨਾਂ ਗੁਰੂ ਹਰੀ ਸਿੰਘ ਜੀ ਨੂੰ ਪੱਖਾ ਝੱਲਣਾ ਸ਼ੁਰੂ ਕਰ ਦਿਤਾ, ਏਨੇ ਨਾਲ ਦੂਜੇ ਗੋਡੇ ਦੀ ਪੀੜ ਵੀ ਉਡ ਪੁਡ ਗਈ, ਦਿਆਲ ਸਿੰਘ ਹੁਰੀਂ ਤਾਂ ਨਿਹਾਲ ਹੋ ਗਏ ਅਤੇ ਭਜਨ ਪੁਛ ਕੇ ਚਲੇ ਆਏ।



Sri Satguru Jagjit Singh Ji Elibrary NamdhariElibrary@gmail.com

## ਰਾਮ ਸਰੋਵਰ

ਰਾਮ ਸਰੋਵਰ ਦੇ ਕੋਲ ਦੀ ਲੰਘਿਆ ਹਾਂ। ਧਰਤੀ ਤੋਂ ੩੦ ਕੁ ਫੁਟ ਦੇ ਫਾਸਲੇ ਤੇ ਪਾਣੀ ਦੀ ਸਤਹ ਹੈ ਤੇ ਜਲ ਕੇਵਲ ੭-੮ ਫੁਟ ਡੂੰਘ ਹੈ ਸਰੋਵਰ ਨੂੰ ਸ਼ਰਧਾ ਭਾਵਨਾ ਨਾਲ ਸਾਰੇ ਸੰਸਾਰ ਤੋਂ ਪਵਿਤਰ ਸਮਝਣ ਵਾਲੇ ਇਸ ਵਿਚ ਇਸ਼ਨਾਨ ਕਰ ਰਹੇ ਹਨ। ਸਰੋਵਰ ਢਾਲਵਾਂ ਤੇ ਪੌੜੀਆਂ ਛਡਕੇ ਕੱਚਾ ਹੀ ਹੈ। ਕੰਢੇ ਉਤੇ ਹਰੇ ਭਰੇ ਬੂਟੇ, ਰੁਖ ਅਤੇ ਘਾਹ ਆਦਿਕ ਉਸਦੀ ਕੁਦਰਤੀ ਸ਼ਕਲ ਦਰਸਾ ਰਹੇ ਹਨ। ਸਾਧ ਸੰਗਤ ਦਾ ਜੀ ਕਰਦਾ ਹੈ ਕਿ ਆਲਾ ਦੁਆਲਾ ਧੁਰ ਤਕ ਪੱਕਾ ਹੋਵੇ। ਸਤਿਗੁਰਾਂ ਜਦੋਂ ਵੀ ਸਰੋਵਰ ਵਲ ਧਿਆਨ ਕੀਤਾ, ਇਸਦੀ ਸ਼ਕਲ ਬਦਲ ਜਾਵੇਗੀ।

## ਕੋਠੀ ਦੀ ਸ਼ਾਂਤੀ

ਕੋਠੀ ਦੇ ਵਲਗਣ ਦਾ ਪੂਰਵੀ ਬੂਹਾ ਖੁਲ੍ਹਾ ਹੀ ਨਜ਼ਰ ਪਿਆ। ਚੁਪ ਕਰਕੇ ਅੰਦਰ ਚਲਾ ਗਿਆ। ਵੇਖਿਆ ਸਾਰੇ ਖੇਤਰ ਵਿਚ ਡੂੰਘੀ ਚੁੱਪ ਹੈ, ਕਿਤੇ ਵੀ ਕੋਈ ਨਜ਼ਰ ਨਹੀਂ ਪਿਆ। ਜਾਪਦਾ ਹੈ ਸਤਿਗੁਰੂ ਜੀ ਆਰਮ ਫਾਰਮ ਰਹੇ ਹਨ। ਮੈਂ ਪੂਰਵੀ ਲਾਅਨ ਦੇ ਕੰਢੇ ਉੱਚੀ ਘੜੰਡੀ ਤੇ ਇਸ ਚੁੱਪ-ਅਵਸਥਾਂ ਨੂੰ ਆਤਮਸਾਤ ਕਰੀ ਮਲਕੜੇ ਮਲਕੜੇ ਕਦਮ ਪੁਟਦਾ ਅਗੇ ਵਧ ਰਿਹਾ ਹਾਂ। ਲੋਹੇ ਦੀ ਸਲਾਖ ਨਾਲ ਲੱਗੀ ਗੁਲਾਬ ਦੀ ਇਕ ਇਕ ਟਹਿਣੀ ਫੁਲ ਕੱਢਣ ਦੀ ਕਾਹਲੀ ਵਿਚ ਹੈ। ਮੇਰਾ ਜੀ ਕਰਦਾ ਸੀ ਗੁਲਾਬ ਦਾ ਖੇੜਾ ਨਜ਼ਰ ਪੈਂਦਾ ਪਰ ਜਿਵੇਂ ਉਹ ਵੀ ਇਸ ਖਾਮੋਸ਼ੀ ਵਿਚ ਮੁਸਕਰਾਕੇ ਕਿਸੇ ਤਰਾਂ ਦਾ ਦਖਲ ਨਹੀਂ ਸੀ ਦੇਣਾ ਚਾਹੁੰਦਾ।

## ਇਕ ਸਫਰ ਸਫਰ

ਜਾਂ ਦਖਣੀ ਡਿਉਢੀ ਵਿਚੋਂ ਲੰਘਣ ਲਗਾ ਤਾਂ ਸ੍ਰ. ਅਵਤਾਰ ਸਿੰਘ ਅਮ੍ਰਿਤਸਰੀ 'ਪੀਜੋ' ਗੱਡੀ ਨੂੰ ਚਮਕਾਂਦਾ ਨਜ਼ਰ ਪਿਆ। ਬੜਾ ਮਨ ਲਾਕੇ ਉਸਨੂੰ ਸਵਾਰ ਰਿਹਾ ਸੀ। ਪ੍ਰੇਮ ਅਤੇ ਭਾਵਨਾ ਦੀ ਹੀ ਇਹ ਗੱਲ ਹੈ ਕਿ ਗ੍ਰੈਜੂਏਟ, ਸੰਸਾਰ ਭਰ ਵਿਚ ਘੁੰਮ ਕੇ ਆਉਣ ਵਾਲਾ, ਮਿੱਠਾ ਤਬਲਾ ਵਾਦਕ ਤੇ ਸੁਤੰਤਰ ਕਾਰੋਬਾਰੀ ਸਤਿਗੁਰੂ ਜੀ ਦਾ ਚਾਲਕ ਹੈ ਤੇ ਇਕ ਸਾਧਾਰਨ ਡਰਾਈਵਰ ਦੀ ਕਿਰਿਆ ਵਿਚ ਮਸਤ ਹੈ।

ਮੈਂ ਪੁਛ ਲਿਆ : ਕਲ ਤੁਸੀਂ ਇਹੋ ਗੱਡੀ ਲੈਕੇ ਡੇਹਰਾਦੂਨ ਗਏ ਸਾਓ, ਕਿੰਨਾ ਫਾਸਲਾ ਹੈ ਏਥੋਂ ?

"੩੭੫ ਮੀਲ ਹੋਵੇਗਾ।"

"ਪ੍ਰਸ਼ਾਦਾ ਕਿਥੇ ਛਕਿਆ ?"

"ਸਵੇਰੇ ੫ ਵਜੇ ਏਥੋਂ ਤੁਰੇ ਸਾਂ। ਨਾਲ ਬੀਬਾ ਜੀ ਤੇ



ਸੰਤ ਅਨੰਤਾ ਸਿੰਘ



ਸੰਤ ਜਗਤ ਸਿੰਘ

ਪਰਸੰਗ ਪੰਨਾ ੩੪੪ ਤੇ

ਬੀਬਾ (ਨਰਿੰਦਰ, ਇਸ ਦੀ ਵੱਡੀ ਭੈਣ) ਜੀ ਵੀ ਸਨ। ਦਾਲ ਸਬਜ਼ੀ ਤਿਆਰ ਕਰ, ਆਟਾ ਗੁੰਨ ਕੇ ਨਾਲ ਰਖ ਲਿਆ ਸੀ। ਇਕ ਸਫਰੀ ਚੁਲ੍ਹਾ ਨਾਲ ਸੀ। ੯ ਵਜੇ ਤਕ ਅਸੀਂ ਡੇਹਰਾਦੂਨ ਧਰਮਵੀਰ ਸਿੰਘ (ਸ੍ਰ. ਅਵਤਾਰ ਸਿੰਘ ਦਾ ਭਤੀਜਾ) ਪਾਸ ਪਹੁੰਚ ਗਏ। ਏਸੇ ਕਮਰੇ ਵਿਚ ਸ਼ੇਰ ਸਿੰਘ (ਸੇਠ ਜੀ ਦਾ ਲੜਕਾ) ਧਰਮਵੀਰ ਸਿੰਘ ਆਦਿਕ ਖਾਂ ਸਾਹਿਬ ਦੇ ਸ਼ਾਗਿਰਦ ਰਹਿੰਦੇ ਹਨ। ਏਥੇ ਦੋ ਤਿੰਨ ਗੜਵੇ ਨਦੀ ਜ਼ਲ ਦੇ ਮੰਗਵਾ ਕੇ ਪਰਸ਼ਾਦ ਪਾਣੀ ਤਿਆਰ ਕਰਕੇ ਛਕਿਆ ਛਕਾਇਆ ਗਿਆ। ੧੦ ਵਜੇ ਤਕ ਖਾਂ ਸਾਹਿਬ ਜੀ ਪਾਸ ਪਹੁੰਚੇ ਅਤੇ ਗੱਲ ਬਾਤ ਕਰਕੇ ੧੧.੩੦ ਤਕ ਵਾਪਸ ਚਲ ਪਏ।

ਇਸ ਤੋਂ ਵਿਦਾ ਲੈ ਜਾਂ ਮੈਂ ਸਵਾ ਲੱਖ ਪਾਠਾਂ ਦੇ ਦਫਤਰ ਵਿਚ ਪੁੱਜਾ ਤਾਂ ਮਾਸਟਰ ਨੱਥਾ ਸਿੰਘ ਤੇਪਲਾ (ਅੰਬਾਲਾ) ਵਾਲੇ (ਛੀਟਕਾ ਬਦਨ) ਅਤੇ ਦਿੱਲੀ ਵਾਲੇ ਸੰਤ ਸਤਨਾਮ ਸਿੰਘ ਜੀ ਪਾਠ ਕਰਕੇ ਲਿਆਉਣ ਵਾਲਿਆਂ ਦੇ ਹਿਸਾਬ ਕਿਤਾਬ ਨੂੰ ਸਮਝ ਸਮਝਾ ਰਹੇ ਸਨ। ਕੰਮ ਬਹੁਤ ਚੌੜਾ ਹੈ-ਸਿਖ ਬੜੇ ਸਿਰੜੀ ਹਨ।

## ਹਠ

ਸੰਤ ਸੰਤੋਖ ਸਿੰਘ ਲਾਂਗਰੀ ਦੇ ਘਰ ਸੁਖਦੇਵ ਸਿੰਘ ਦੀ ਸੁਖ ਸਾਂਦ ਦਾ ਪਤਾ ਕਰਨ ਸਤਿਗੁਰੂ ਜੀ ਏਥੇ ਪੁਜੇ ਤਾਂ ਹੁਣੇ-ਹੁਣੇ ਆਏ ਸੰਤੋਖ ਸਿੰਘ ਦੇ ਸਾਂਢੂ ਸ਼੍ਰੀ ਹਰਚੰਦ ਸਿੰਘ



Sri Satguru Jagjit Singh Ji Elibrary NamdhariElibrary@gmail.com

(ਲੁਧਿਆਣਾ) ਨੇ ਪਤਨੀ ਸਮੇਤ ਸਤਿਗੁਰੂ ਜੀ ਨੂੰ ਆ ਨਮਸਕਾਰ ਕੀਤੀ । ਸਤਿਗੁਰੂ ਜੀ ਨੇ ਵਿਨੋਦ ਨਾਲ ਆਖਿਆ : ਸੁਣਾ ਬਈ ਹਰ (ਅਤੇ ਅਗੋ ਦੋਹਾਂ ਹੱਥਾਂ ਦੇ ਅੰਗੂਠੇ ਅਤੇ ਪਹਿਲੀਆਂ ਉਂਗਲਾਂ ਨਾਲ ਘੇਰਾ ਬਣਾਕੇ-ਭਾਵ ਚੰਦ ਦੀ ਸ਼ਕਲ ਬਣਾ ਕੇ) ਸਿੰਘਾ ਕੀ ਹਾਲ ਹੈ ? ਮੈਨੂੰ ਇਹ ਨਿਸ਼ਾਨ ਸਮਝਦਿਆਂ ਕੁਝ ਦੇਰ ਹੀ ਲਗੀ । ਸਤਿਗੁਰੂ ਜੀ ਤਾਂ ਦਿਹਾੜੀ ਵਿਚ ਅਨੇਕਾਂ ਐਸੇ ਇਸ਼ਾਰੇ ਕਰ ਜਾਣ ।

## ਮਾਤਾ ਸੰਤ ਕੌਰ ਨੂੰ ਦਰਸ਼ਨ

ਮੈਂ ਸਤਿਗੁਰੂ ਜੀ ਦਾ ਪਤਾ ਕਰਨ ਲਈ ਕਮਰਿਓਂ ਬਾਹਰ ਨਿਕਲਿਆ ਤਾਂ ਵੇਖਿਆ ਪੂਰਬਾ ਮਹਿੰਦਰ ਸਿੰਘ ਦੌੜਦਾ ਦੌੜਦਾ ਡੇਰੇ ਨੂੰ ਜਾ ਰਿਹਾ ਸੀ । ਜਾਪਿਆ ਏਧਰ ਸਤਿਗੁਰੂ ਜੀ ਹੋਣਗੇ । ਵਰਨੀਆਂ ਵਾਲੇ ਸਿੰਘਾਂ ਦੇ ਕਮਰਿਆਂ ਦੇ ਮੁਖ ਰਸਤੇ ਤੋਂ ਅੰਦਰ ਹੋਇਆ ਤਾਂ ਵੇਖਿਆ ਬਿਸਕੁਟੀ ਰੰਗ ਦੀ ਮਰਸੀਡੀਜ਼ ਨੂੰ ਗੁਰਮੁਖ ਸਿੰਘ ਤਿਆਰ ਕੀਤੀ ਖਲੋਤਾ ਹੈ । ਕੋਈ ੧.੧੫ ਦੁਪਹਿਰ ਦਾ ਸਮਾ ਹੋਵੇਗਾ ਸਤਿਗੁਰੂ ਜੀ ਕਾਹਲੇ ਕਾਹਲੇ ਆਪਣੇ ਡੇਰਿਓਂ ਨਿਕਲੇ । ਕੇਸ ਸੁਕਾਣ ਉਤੇ ਸਿਰਫ ਇਕ ਰੁਮਾਲ ਸੀ ਖੁਲ੍ਹੇ ਕੇਸਾਂ ਉਤੇ । ਖੱਦਰ ਦੀ ਦਸਤਾਰ ਕੱਛ ਹੇਠ ਦਬਾਈ ਗੱਡੀ ਵਿਚ ਆ ਬੈਠੇ। ਸੰਤ ਕਿਰਪਾਲ ਸਿੰਘ ਅਤੇ ਸੰਤ ਮਹਿੰਦਰ ਸਿੰਘ ਪੂਰਬਾ ਛੇਤੀ ਛੇਤੀ ਆਪਣੀਆਂ ਸੀਟਾਂ ਤੇ ਬੈਠ ਗਏ । ਏਨੇ ਨੂੰ ਸੰਤ ਆਤਮਾ ਸਿੰਘ ਪੰਨਵ ਦਿੱਲੀ ਅਤੇ ਉਹਨਾਂ ਦੀ ਲੜਕੀ ਤੇਜ਼ੀ ਨਾਲ ਚਰਨੀਂ ਹੱਥ ਲਾਣ ਤੇ ਕੋਈ ਖਾਸ ਬੇਨਤੀ ਕਰਨ ਅਈ ਅਗੇ ਆਏ। ਸਤਿਗੁਰੂ ਜੀ ਨੇ ਗੱਡੀ ਵਿਚ ਬੈਠਿਆਂ ਹੀ ਕਿਹਾ : ਤੁਹਾਨੂੰ ਜਿਹੜਾ ਵਕਤ ਦਿਤਾ ਸੀ, ਤੁਸੀਂ ਆਏ ਨਹੀਂ । ਹੁਣ ਮੇਰੇ ਪਾਸ ਸਮਾ ਨਹੀਂ । ਨਿਤਨੇਮ ਤੋਂ ਬਾਅਦ ਮਿਲਣਾ । ਅਤੇ ਗੱਡੀ ਅਹੁ ਗਈ-ਅਹੁ ਗਈ ਹੋ ਗਈ ।

ਸਤਿਗੁਰੂ ਜੀ ਨੰਗਲ (ਜਲੰਧਰ) ਮਾਤਾ ਸੰਤ ਕੌਰ ਜੀ ਨੂੰ ਦਰਸ਼ਨ ਦੇਣ ਲਈ ਗਏ ਹਨ। ਉਸ ਮਾਤਾ ਦੀਆਂ ਆਂਦਰਾਂ ਨੂੰ ਠੰਢ ਪਾਣ ਗਏ ਹਨ ਜਿਸਨੇ ਬਚਪਨ ਵਿਚ ਕਿਸ਼ੋਰਤਾ ਅਤੇ ਜਵਾਨੀ ਵਿਚ ਆਪ ਜੀ ਨੂੰ ਬਹੁਤ ਲਾਡ ਪਿਆਰ ਦਿਤਾ । ਮਾਤਾ ਸੰਤ ਕੌਰ ਜੀ ਦਾ ਅੰਤ ਸਮਾ ਨੇੜੇ ਆ ਚੁਕਾ ਲਗਦਾ ਹੈ ।

## ਸੰਤ ਜਗਤ ਸਿੰਘ ਦਰਜ਼ੀ

ਫਿਰਦੇ ਤੁਰਦਿਆਂ ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਜ਼ੀ ਭਾਈ ਜਗਤ ਸਿੰਘ ਪਾਸ ਪਹੁੰਚ ਗਿਆ । ਭੈਣੀ ਸਾਹਿਬ ਪਿੰਡ ਵਿਚ ਦੂਰ ਕਰਕੇ ਇਹਨਾਂ ਦਾ ਘਰ ਹੈ । ੭੦ ਤੋਂ ਵੱਧ ਦੀ ਉਮਰ, ਦਾਹੜੀ, ਭੌਹਾਂ, ਕੇਸ ਅਸਲੋਂ ਸਫੈਦ, ਉੱਚੀ-ਉ… ਜਿਹੀ ਪੱਗ, ਸਵੈਟਰ ਪਹਿਨੀਂ ਮਸ਼ੀਨ ਦੀ ਹਥੀ ਨੂੰ ਗੇ… ਦੇ ਕੇ, ਕਿੜ ਕਿੜ ਕਰਦੀ ਮਸ਼ੀਨ ਦੀ ਸੂਈ ਹੇਠੋਂ ਸਫੈ… ਕਪੜਾ ਲੰਘਾਂਦਿਆਂ ਨਾਮਧਾਰੀ ਕਾਟ ਦੇ ਬਸਤਰ ਸਿ… ਰਹੇ ਸਨ । ਸੰਤ ਅਨੰਤ ਸਿੰਘ ਅ… ਸੰਤ ਜਗਤ ਸਿੰਘ ਨੇ, ਜ਼ਿੰਦਗੀ ਵਿਚ ਨਾਮਧਾਰੀਆਂ ਲ… ਵੀ ਲੱਖਾਂ ਕਪੜੇ ਸੀਤੇ ਹੋਣਗੇ । ਅਤੇ ਅਜ ਵੀ ਜਗ… ਸਿੰਘ ਜੀ ਦੇ ਫੱਟੇ ਉਤੇ ਸਫੈਦ, ਬਾਦਾਮੀ, ਬਿਸਕੁਟੀ ਕਪੜਿ… ਦੇ ਢੇਰ ਜੁੜੇ ਹੋਏ ਹਨ । ਜਗਤ ਸਿੰਘ ਜੀ ਦੀ ਪਤਨੀ ਬੀ… ਸੰਤ ਕੌਰ ਨੂੰ ਗੁਜ਼ਰਿਆਂ (ਜੋ ਸਾਡੇ ਸਹਿਪਾਠੀ ਗਿਆ… ਬਲਵੰਤ ਸਿੰਘ ਜੀ ਦੀ ਭੈਣ ਸੀ) ਛੇ ਸਾਲ ਹੋ ਚੁਕੇ ਹਨ

ਹੁਣ ਸੰਤ ਜਗਤ ਸਿੰਘ ਪਾਸ ਆਪਣੇ ਘਰੋਂ ਤਿਆ… ਹੋਈ ਇਕ ਬੱਚੀ ਇੰਦਰ ਕੌਰ (੪੫) ਹੀ ਹੈ ਜੋ ਬੂਆ… ਪਿੰਡ ਵਿਚ ਵਿਆਹੀ ਹੋਈ ਸੀ । ਤਿੰਨ ਲੜਕੇ ਹਨ, ਵੱ… ਮਾਸਟਰ ਹੈ ਸੰਤੋਖ ਸਿੰਘ, ਦੂਜਾ ਅਜਾਇਬ ਸਿੰਘ ਹੈ ਜਲੰਧਰ ਸਿਵਲ ਸਪਲਾਈ ਵਿਭਾਗ ਵਿਚ ਸਟੇਨੋ ਹੈ ਤੀਜਾ ਹੈ ਰਾਜਿੰਦਰ ਸਿੰਘ ਜੋ ਲੁਧਿਆਣੇ ਵਿਚ ਟੈਲੀਫੋ… ਉਪਰੇਟਰ ਹੈ । ਮੈਂ ਆਖਿਆ ਤੁਸਾਂ ਬੜੀ ਹਿੰਮਤ ਕੀ… ਬਚਿਆਂ ਨੂੰ ਮਸ਼ੀਨ ਚਲਾਕੇ ਪੜਾਇਆ ਅਤੇ ਫਿਰ ਨੌਕਰੀ… ਵਿਚ ਲੁਆਇਆ ਬਜ਼ੁਰਗ ਨੇ ਮੇਰੇ ਵਲ ਧੌਣ ਚੁਕ… ਵੇਖਿਆ ਅਤੇ ਆਖਿਆ : ਸਤਿਗੁਰੂ ਜੀ ਤਾਂ ਮੇਰੇ ਤੇ ਨਾਰ… ਹਨ ਕਿ ਮੈਂ ਕੋਈ ਬੱਚਾ ਵੀ ਨਾਮਧਾਰੀ ਕਾਟ ਦੇ ਬਸ… ਸਿਉਣ ਦੇ ਕਾਬਲ ਨਹੀਂ ਬਣਾਇਆ, ਇਸ ਲਈ ਸਮਾ… ਨੁਕਸਾਨ ਕੀਤਾ ਹੈ ।

## ਭਾਈ ਕਿਰਪਾਲ ਸਿੰਘ ਲਾਭ ਸਿੰਘ

ਇਹਨਾਂ ਪਾਸੋਂ ਉਠ ਮੈਂ ਚਮਾਰਾਂ ਵਾਲੀ ਗ… ਵਿਚ ਪੈ ਭਾਈ ਕਿਰਪਾਲ ਸਿੰਘ, ਲਾਭ ਸਿੰਘ ਦੇ ਘਰ ਪੁਜ… ਇਹਨਾਂ ਨੇ ਵੀ ਹਜ਼ਾਰਾਂ ਨਾਮਧਾਰੀਆਂ ਦੇ ਪੈਰੀਂ ਹੱਥੀ ਤਿਆ… ਕਰ ਕਰ ਜੁਤੀਆਂ ਪਵਾਈਆਂ ਹਨ । ਦੇਸਾਂ ਵਿਦੇਸਾਂ… ਨਾਮਧਾਰੀ ਕੈਨਵਸ ਜਾਂ ਖੱਲ ਧੌੜੀ ਦੀਆਂ ਦੇਸੀ ਜੁੱਤੀ… ਜੁ ਨਾਮਧਾਰੀ ਕਾਟ ਦੇ ਬਸਤਰਾਂ ਨਾਲ ਬੜਾ ਮੇਲ ਕਰਦੀ… ਹਨ, ਇਹਨਾਂ ਤੋਂ ਹੀ ਖੁਸ਼ ਹੋ ਕੇ ਬਣਵਾਂਦੇ ਹਨ । ਮੈਂ ਅੱਜ ਇਕ ਜੋੜੇ ਦਾ ਆਰਡਰ ਦਿਤਾ । ਇਹਨਾਂ ਨਾਲ ਗੱਲ ਬਾਤ ਕਰਨ ਤੋਂ ਜਾਣਿਆ ਕਿ ਇਹਨਾਂ ਨੂੰ ਗੁਰੂ ਘਰ ਬ… ਕਿਸੇ ਤਰ੍ਹਾਂ ਦੀ ਸ਼ਕਾਇਤ ਨਹੀਂ ।

ਅਜ ਸੰਗਤ ਕਾਫੀ ਗਿਣਤੀ ਵਿਚ ਹੋਰ ਵੀ ਪਹੁੰ… ਗਈ ਹੈ ਤੇ ਰਾਤ ਭਰ ਇਹ ਆਗਮਨ ਬਣਿਆ ਹੀ ਰਹੇਗਾ… ਸਵੇਰੇ ਆਸਾ ਦੀ ਵਾਰ ਵਿਚ ਬਹੁਤ ਰੌਣਕਾਂ ਹੋਣਗੀਆਂ ।

(ਚਲਦਾ)





Sri Satguru Jagjit Singh Ji Elibrary NamdhariElibrary@gmail.com

*WITH BEST COMPLIMENTS FROM :*

# *Harbhajan Sarbjeet & Associates*

*ENGINEERS & CONTRACTORS*

*Head office :*
*551 GHA/5 Rama Street,*
*Alam Bagh LUCKNOW-226005*
*Phone : 51510.*

*Administrative office :*
*306-N-I-SECTOR-C CIDCO*
*NEW AURANGABAD-431003,*
*Grams : NAMDHARI*
*Phone : 3587.*

**Major works completed :-**

Construction of Earth work, bridges Deep rock cutting & Tunnels of third ghat line in between Kasara-Igatpuri and Karjat-Lonavla sections of Central Railway-Bombay
Costing Rs 2 84 Crores

Construction of Earth work in Deep rock cutting for foundations of Thermal Power Station of Rajasthan State Electricity Board, Kota (Rajasthan)
Costing Rs 1.76 Crores

Construction of Paithan Right Bank Canal & C. D. works of Jayakwadi Project Aurangabad (Maharashtra)
Costing Rs. 4 10 Crores

**Major work in hand :-**

Construction of barrage across Godavari river and R.C.C. Pump House at Vishnupuri Project Nanded (Maharashtra)
Costing Rs. 12 65 Crores

Construction of 2 ' Km long Waranga Tunnel and Isapur Right Bank Canal of Upper Penganga Project Nanded (Maharashtra)
Costing Rs 3.47 Crores



Sri Satguru Jagjit Singh Ji Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

# ਅਸ਼ੋਕਾ ਬਿਸਕੁਟ




ਵਪਾਰਕ ਜਾਣਕਾਰੀ ਲਈ ਸੰਪਰਕ:

PHONES 565693 212667

**Sri Hari Partap Trading Centre**
**6-7 A SAROJANI PARK, SHASTRI NAGAR, DELHI-3**

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ ਹੈਦਰਾਬਾਦ (ਏ.ਪੀ.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com